# ਨਸ਼ੇ ਨਿਗਲ ਗਏ ਪੰਜਾਬ ਨੂੰ

*ਸੰਪਾਦਕ: ਡਾ. ਇੰਦਰਜੀਤ ਕੌਰ*

*ਪ੍ਰਕਾਸ਼ਕ:*

***ਡਾ. ਇੰਦਰਜੀਤ ਕੌਰ***

*ਪ੍ਰਧਾਨ,*

***ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ(ਰਜਿ.)***

*ਅੰਮ੍ਰਿਤਸਰ ।*

ਅਪ੍ਰੈਲ **2019** ਨੂੰ ਪਹਿਲੀ ਵਾਰ ਛਪੀ **10,000**

## *ਜ਼ਰੂਰੀ ਸੂਚਨਾ*

1. ਪਿੰਗਲਵਾੜਾ ਸੰਸਥਾ ਨੂੰ ਭੇਜੇ ਹੋਏ ਦਾਨ ਉੱਪਰ ਇਨਕਮ ਟੈਕਸ ਐਕਟ, **1961** ਦੇ ਸੈਕਸ਼ਨ **80**-ਜੀ ਅਧੀਨ ਟੈਕਸ ਤੋਂ ਛੋਟ ਪ੍ਰਾਪਤ ਹੈ।
2. ਕੈਸ਼ ਵਿੱਚ ਦਿੱਤੇ ਦਾਨ ਉੱਪਰ ਇਹ ਛੋਟ ਸਿਰਫ਼ **2000/-** ਰੁਪਏ ਤਕ ਹੀ ਮਿਲ ਸਕੇਗੀ ।

1. The donations made to Pingalwara are exempted from Income Tax U/S 80-G, of I.T. Act 1961.
2. In the case of donations made in cash, such exemption would be available on Rs. 2000/- only.

**ਮੁਫ਼ਤ ਭੇਟਾ**

**ਛਾਪਕ: ਪੂਰਨ ਪ੍ਰਿੰਟਿੰਗ ਪ੍ਰੈਸ,**

ਪਿੰਗਲਵਾੜਾ ਬਿਲਡਿੰਗਜ (ਮਾਨਾਂਵਾਲਾ ਕੰਪਲੈਕਸ) ਜੀ. ਟੀ. ਰੋਡ, ਅੰਮ੍ਰਿਤਸਰ।

ਫ਼ੋਨ: 0183-2584586, 2584713, M:97814-01140

website:www. pingalwara.org

E-mail: pingalwara57@gmail.com

# ਤਤਕਰਾ


| ਕ੍ਰਮ ਅੰਕ | ਵਿਸ਼ਾ | | ਪੰਨਾ |
|---|---|---|---|
| *1.* | *ਮੁੱਖ-ਬੰਦ* | *– ਜੈ ਸਿੰਘ ਜੱਸਾ* | *4* |
| *2.* | *ਨਸ਼ੇ ਨਿਗਲ ਗਏ ਪੰਜਾਬ ਨੂੰ* | *– ਪ੍ਰੋ. ਕਿਰਪਾਲ ਸਿੰਘ 'ਬਡੂੰਗਰ'* | *7* |
| *3.* | *ਪੰਜਾਬ 'ਚ ਵਧ ਰਹੇ ਨਸ਼ਿਆਂ ਲਈ ਜ਼ਿੰਮੇਵਾਰ ਕੌਣ?* | *– ਕੁਲਦੀਪ ਸਿੰਘ* | *27* |
| *4.* | *ਨਸ਼ਿਆਂ ਨੇ ਪੱਟਤੇ ਪੰਜਾਬ ਦੇ ਸ਼ੌਕੀਨ ਗੱਭਰੂ* | *– ਸਵਿੰਦਰ ਕੌਰ* | *31* |
| *5.* | *ਸ਼ਰਾਬ ਤੋਂ ਹੁੰਦੀ ਆਮਦਨ ਪਹਿਲਾਂ ਜਾਂ ਪੰਜਾਬੀਆਂ ਦੀਆਂ ਜਾਨਾਂ?* | | *35* |
| *6.* | *ਵੀਰੋ ਤਰਸ ਕਰੋ ਸਾਡੇ 'ਤੇ* | *– ਗੁਰਪ੍ਰੀਤ ਸਿੰਘ ਸਿੱਧੂ* | *37* |
| *7.* | *ਕੀ ਸਹੀ ਰਾਹ 'ਤੇ ਜਾ ਰਹੀ ਹੈ ਨਸ਼ਾ ਵਿਰੋਧੀ ਮੁਹਿੰਮ?* | *– ਪ੍ਰੋ. ਲਕਸ਼ਮੀ ਕਾਂਤਾ ਚਾਵਲਾ* | *40* |
| *8.* | *ਨਸ਼ਿਆਂ ਵੱਲ ਵਧ ਰਹੀ ਐ ਪੰਜਾਬ ਦੀ ਨੌਜਵਾਨੀ* | *– ਰਾਜਕੁਮਾਰ ਮੈਨਰੋ* | *45* |
| *9.* | *ਨਸ਼ੇ ਅਤੇ ਬੱਚੇ* | *– ਡਾ. ਹਰਸ਼ਿੰਦਰ ਕੌਰ ਐੱਮ.ਡੀ.* | *50* |
| *10.* | *ਪੰਜਾਬ ਕਿਵੇਂ ਹੋਵੇ ਨਸ਼ਿਆਂ ਤੋਂ ਮੁਕਤ* | *– ਮੋਹਨ ਸ਼ਰਮਾ* | *59* |
| *11.* | *ਤਬਾਹ ਹੋ ਰਹੀ ਪੰਜਾਬ ਦੀ ਜਵਾਨੀ* | *– ਸੁਰਿੰਦਰ ਕੌਰ ਜੱਸੀ* | *65* |
| *12.* | *ਨਸ਼ੀਲੇ ਪਦਾਰਥ ਅਤੇ ਮਾਨਸਿਕ ਵਿਕਾਰ* | *– ਸੁਰਜੀਤ ਸਿੰਘ ਢਿੱਲੋਂ* | *68* |
| *13.* | *ਨਸ਼ਾ ਗ੍ਰਸਤ ਪੰਜਾਬ (ਕਵਿਤਾ)* | *– ਜੈ ਸਿੰਘ ਜੱਸਾ* | *74* |
| *14.* | *ਪਿੰਗਲਵਾੜਾ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜ* | | *76* |




# ਮੁੱਖ-ਬੰਦ

## "ਮੇਰਾ ਰੰਗਲਾ ਪੰਜਾਬ ਨਸ਼ਿਆਂ ਨੇ ਖਾ ਲਿਆ"

ਪੰਜਾਬ ਦੀ ਜਵਾਨੀ ਅਤੇ ਪੰਜਾਬ ਦੀ ਖ਼ੁਸ਼ਹਾਲੀ ਕਿਸੇ ਵਕਤ ਪੂਰੇ ਸੰਸਾਰ ਵਿੱਚ ਪ੍ਰਸਿੱਧ ਸੀ। ਇੱਥੋਂ ਦੀ ਸਾਦੀ ਅਤੇ ਨਰੋਈ ਖ਼ੁਰਾਕ, ਇੱਥੋਂ ਦਾ ਪਾਣੀ, ਅੰਮ੍ਰਿਤ ਸਮਾਨ ਸਮਝੇ ਜਾਂਦੇ ਸੀ। ਹੌਲੀ-ਹੌਲੀ ਸਮਾਂ ਬਦਲਣ ਦੇ ਨਾਲ-ਨਾਲ ਸਾਡੇ ਲੋਕਾਂ ਦੇ ਸ਼ੌਕ ਵੀ ਬਦਲਣ ਲੱਗ ਪਏ। ਲੋਕੀਂ ਖ਼ੁਸ਼ੀ ਗ਼ਮੀ ਦੇ ਮੌਕਿਆਂ 'ਤੇ ਸ਼ਰਾਬ ਦਾ ਸੇਵਨ ਕਰਨ ਲੱਗ ਪਏ। ਟਾਵੇਂ-ਟਾਵੇਂ ਅਮਲੀ ਅਫ਼ੀਮ ਦਾ ਸੇਵਨ ਵੀ ਕਰਨ ਲੱਗ ਪਏ। ਗੁਰੂ ਸਾਹਿਬਾਨਾਂ ਨੇ ਵੀ ਨਸ਼ਿਆਂ ਦੀ ਸਖ਼ਤ ਮਨਾਹੀ ਕੀਤੀ ਸੀ ਅਤੇ ਮਨੁੱਖ ਨੂੰ ਸਦਾਚਾਰਕ ਨੈਤਿਕ ਜੀਵਨ ਜਿਊਣ ਦਾ ਉਪਦੇਸ਼ ਦਿੱਤਾ ਸੀ।

**"ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥**
**ਝੂਠਾ ਮਦੁ ਮੂਲ ਨਾ ਪੀਚਈ ਜੇ ਕਾ ਪਾਰ ਵਸਾਇ॥"**

(ਅੰਗ ੫੫੪)

ਜਿਉਂ-ਜਿਉਂ ਮਨੁੱਖ ਕੋਲ ਆਮਦਨ ਦੇ ਸਾਧਨ ਵਧਦੇ ਗਏ ਤਿਉਂ-ਤਿਉਂ ਮਨੁੱਖ ਐਸ਼-ਪ੍ਰਸਤ ਜ਼ਿੰਦਗੀ ਨੂੰ ਮਹੱਤਵ ਦੇਣ ਲੱਗ ਪਿਆ। ਐਸ਼-ਪ੍ਰਸਤੀ ਵਿੱਚ ਨਸ਼ਾ ਮੁੱਖ ਕਾਰਨ ਸੀ। ਨਸ਼ੇ ਇਕ ਵਿਅਕਤੀ ਨੂੰ ਇਨਸਾਨ ਤੋਂ ਹੈਵਾਨ ਬਣਾ ਦਿੰਦੇ ਹਨ। ਨਸ਼ੇੜੀ ਵਿਅਕਤੀ ਨਾ ਚੈਨ ਨਾਲ ਜੀਅ ਸਕਦਾ ਹੈ ਅਤੇ ਨਾ ਚੈਨ ਨਾਲ ਮਰ ਸਕਦਾ ਹੈ। ਟਾਲਸਟਾਏ ਨੇ ਠੀਕ ਕਿਹਾ ਹੈ:

**"Man is the only animal who willfully destroys himself."**

ਸਾਨੂੰ ਜੀਵਨ ਦੇ ਸਹੀ ਮਹਿਨਿਆਂ ਨੂੰ ਸਮਝਣਾ ਚਾਹੀਦਾ ਹੈ ਅਤੇ ਆਪਣੇ ਸੁੰਦਰ ਸੁਡੌਲ ਸਰੀਰ ਨੂੰ ਨਸ਼ਿਆਂ ਅਤੇ ਵਿਕਾਰਾਂ ਰਾਹੀਂ ਬਰਬਾਦ ਨਹੀਂ ਕਰਨਾ ਚਾਹੀਦਾ। ਸਰੀਰ ਕੁਦਰਤ ਦਾ ਇੱਕ ਅਨਮੋਲ ਤੋਹਫ਼ਾ ਹੈ। ਸਾਨੂੰ ਇਸ ਦੀ ਕਦਰ ਕਰਨੀ ਚਾਹੀਦੀ ਹੈ। ਨੌਜੁਆਨ ਪੀੜ੍ਹੀ ਨੂੰ ਨਸ਼ਿਆਂ ਤੋਂ ਰੋਕਣ ਲਈ, ਪਹਿਲਾਂ ਸਾਨੂੰ ਆਪ ਇਹ ਨਸ਼ੇ ਤਿਆਗਣੇ ਪੈਣਗੇ।

**"ਨਸ਼ੇ ਭਜਾਉ, ਪੰਜਾਬ ਬਚਾਉ"**

ਕਾਗ਼ਜ਼ੀ ਆਦੇਸ਼ਾਂ ਅਤੇ ਨਸ਼ੇ ਛੁਡਾਉ ਕੇਂਦਰ ਖੋਲ੍ਹ ਦੇਣੇ, ਪਰ ਉੱਥੇ ਸਾਧਨਾਂ ਦੀ ਕਮੀ ਹੋਣੀ, ਇਹ ਕੋਈ ਹੱਲ ਨਹੀਂ ਹੈ। ਜ਼ਰੂਰਤ ਹੈ ਕਿ ਸਰਕਾਰ ਵੀ ਸਾਧਨ ਮੁਹੱਈਆ ਕਰਵਾਏ ਅਤੇ ਜਨਤਾ ਵੀ ਇਸ ਵਿੱਚ ਸਹਿਯੋਗ ਕਰੇ। ਪੰਜਾਬ ਦਾ ਨੌਜੁਆਨ ਅੱਜ ਖੇਡਾਂ ਅਤੇ ਸੱਭਿਆਚਾਰ ਨੂੰ ਛੱਡ ਕੇ ਨਸ਼ਿਆਂ ਦੇ ਛੇਵੇਂ ਦਰਿਆ ਵੱਲ ਤੁਰ ਪਿਆ ਹੈ। ਅੱਜ ਇਸ ਨਸ਼ੇ ਵਿੱਚ ਸਿਰਫ਼ ਮੁੰਡੇ ਹੀ ਨਹੀਂ ਸਗੋਂ ਕੁੜੀਆਂ ਵੀ ਇਸ ਦਲਦਲ ਵਿੱਚ ਫਸਦੀਆਂ ਜਾ ਰਹੀਆਂ ਹਨ।

ਡਾ. ਹਰਸ਼ਿੰਦਰ ਕੌਰ ਜੀ ਲਿਖਦੇ ਹਨ **"ਜੇ ਵੇਲੇ ਸਿਰ ਨਸ਼ਿਆਂ ਨੂੰ ਠੱਲ੍ਹ ਨਾ ਪਾਈ ਗਈ ਤਾਂ ਉਹ ਵੇਲਾ ਦੂਰ ਨਹੀਂ ਜਦੋਂ ਪੰਜਾਬੀ ਗੱਭਰੂ ਨਸ਼ਿਆਂ ਕਾਰਨ ਨਪੁੰਸਕ ਹੋ ਜਾਣਗੇ ਅਤੇ ਪੂਰੀ ਕੌਮ ਤਬਾਹ ਹੋ ਜਾਵੇਗੀ।"**

ਸ. ਗੁਰਪ੍ਰੀਤ ਸਿੰਘ ਸਿੱਧੂ ਜੀ ਨਸ਼ੇ ਦੇ ਸੌਦਾਗਰਾਂ ਨੂੰ ਲਾਹਨਤਾਂ ਪਾਉਂਦੇ ਲਿਖਦੇ ਹਨ ਕਿ **"ਤੁਹਾਡੇ ਕਾਰਨ ਪੰਜਾਬ ਵਿੱਚ ਸਿਵਿਆਂ ਦੀਆਂ ਲੱਕੜਾਂ ਅਤੇ ਚਿੱਟੀਆਂ ਚੁੰਨੀਆਂ ਦੇ ਕਾਰੋਬਾਰ ਵਧੇ-ਫੁੱਲੇ ਹਨ। ਕਈ ਮਾਵਾਂ, ਭੈਣਾਂ, ਧੀਆਂ ਆਪਣੇ ਸਿਰ ਦੇ ਸਾਈਂ, ਭਰਾ ਅਤੇ ਪੁੱਤਰ ਗਵਾ ਕੇ ਕੱਖੋਂ ਹੌਲੀਆਂ ਹੋਈਆਂ ਬੈਠੀਆਂ ਹਨ ਅਤੇ ਕੁਝ ਹੋਣ ਕਿਨਾਰੇ ਨੇ।"**

ਪ੍ਰੋ: ਲਕਸ਼ਮੀ ਕਾਂਤਾ ਚਾਵਲਾ ਜੀ ਦੇ ਸ਼ਬਦਾਂ ਵਿੱਚ **"ਸਰਕਾਰ ਹਰ ਸਾਲ ਸ਼ਰਾਬ ਦੀ ਖੱਪਤ ਵਧਾ ਕੇ ਇੱਕੋ-ਇਕ ਟੀਚਾ ਕਿ ਸਰਕਾਰ ਦੀ ਆਮਦਨ ਵਧੇ, ਨੂੰ ਸਾਕਾਰ ਕਰ ਰਹੀ ਹੈ।"**



ਪ੍ਰਸ਼ਾਸਨ ਸੰਕਲਪ ਲਵੇ ਇਮਾਨਦਾਰੀ ਨਾਲ, ਕੈਮਿਸਟਾਂ ਦੀਆਂ ਦੁਕਾਨਾਂ ਦੀ ਚੈਕਿੰਗ ਕੀਤੀ ਜਾਵੇ, ਨਸ਼ਾ ਵੇਚਣ ਵਾਲਿਆਂ 'ਤੇ ਸ਼ਿਕੰਜਾ ਕੱਸਿਆ ਜਾਵੇ ਅਤੇ ਸ਼ਰਾਬ ਦੇ ਠੇਕੇ ਬੰਦ ਕਰ ਦਿੱਤੇ ਜਾਣ ਤਾਂ ਯਕੀਨਨ ਹੀ ਇਸ ਦਰਿਆ ਨੂੰ ਬੰਦ ਕੀਤਾ ਜਾ ਸਕਦਾ ਹੈ। ਇਸ ਪੁਸਤਕ ਵਿੱਚ ਸਾਰੇ ਹੀ ਲੇਖਕਾਂ ਦੇ ਵਿਚਾਰ ਸਰਾਹੁਣਯੋਗ ਹਨ ਜੋ ਸਮਾਜ ਵਿੱਚ ਨਸ਼ਿਆਂ ਦੀ ਦਲਦਲ ਵਿੱਚ ਡੁੱਬੇ ਹੋਏ ਲੋਕਾਂ ਨੂੰ ਇਸ ਦਲਦਲ ਤੋਂ ਨਿਜਾਤ ਪਾਉਣ ਲਈ ਸਹਾਈ ਹੋਣਗੇ।

**ਬੰਦ ਗਲੀ ਇਹ ਨਸ਼ਾ ਹੈ ਜਿਸ ਦਾ ਅੰਤ ਹਨੇਰਾ,**
**ਬਰਬਾਦ ਕਰੇਂਦਾ ਜਿਸਮ ਨੂੰ ਨੁਕਸਾਨ ਵਧੇਰਾ।**
**ਤੋੜ ਦੇਵੇ ਪਰਿਵਾਰ ਨੂੰ ਰਿਸ਼ਤੇ ਟੁੱਟ ਜਾਂਦੇ,**
**ਵਕਤੀ ਖ਼ੁਸ਼ੀ ਦੇ ਭਰਮ ਇਹ ਬਰਬਾਦੀ ਰਾਹ ਪਾਂਦੇ।**
**ਜੇ ਸਮਾਜੀ ਹਾਲਤ ਬੰਦੇ ਦੇ ਹੋਣ ਸੁਖ਼ਾਲੇ,**
**ਲੋਕੋ! ਫਿਰ ਕੋਈ ਬੰਦਾ ਕਿਉਂ ਨਸ਼ਿਆਂ ਨੂੰ ਪਾਲੇ।**

ਆਸ ਕਰਦਾ ਹਾਂ ਕਿ ਨਸ਼ੇ ਦੇ ਛੇਵੇਂ ਦਰਿਆ ਵਿੱਚ ਰੁੜ੍ਹਦੇ ਜਾਂਦੇ ਭੋਲੇ ਭਾਲੇ ਮੇਰੇ ਭੈਣ-ਭਰਾ ਇਸ ਪੁਸਤਕ ਤੋਂ ਸੇਧ ਲੈ ਕੇ ਆਪਣਾ ਜੀਵਨ ਸੁਖਮਈ ਬਣਾ ਲੈਣਗੇ।

ਜੈ ਸਿੰਘ 'ਜੱਸਾ'
ਪ੍ਰਸ਼ਾਸਕ,
(ਮਾਨਾਂਵਾਲਾ ਬ੍ਰਾਂਚ)
ਪਿੰਗਲਵਾੜਾ ਅੰਮ੍ਰਿਤਸਰ।
M: 97814-01142
M: 99150-38294

-o-

# ਨਸ਼ੇ ਨਿਗਲ ਗਏ ਪੰਜਾਬ ਨੂੰ

ਪ੍ਰੋ: ਕਿਰਪਾਲ ਸਿੰਘ 'ਬਡੂੰਗਰ'
ਸਾਬਕਾ ਪ੍ਰਧਾਨ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ
ਸੰਪਰਕ ਨੰ: 9915805100

ਕੋਈ ਸਮਾਂ ਸੀ ਭਾਰਤ ਨੂੰ ਸੋਨੇ ਦੀ ਚਿੜੀਆ ਕਿਹਾ ਜਾਂਦਾ ਸੀ— ਕੁਦਰਤੀ ਸੋਮਿਆਂ, ਸਾਧਨਾਂ, ਅਮੀਰ ਵਿਰਸੇ, ਵਿੱਦਿਆ ਦਾ ਗੜ੍ਹ(ਟੈਕਸਲਾ ਅਤੇ ਨਾਲੰਦਾ ਯੂਨੀਵਰਸਿਟੀਆਂ) ਅਤੇ ਸਦਾਚਾਰ ਦਾ ਅਸੀਮ ਖ਼ਜ਼ਾਨਾ ਇਤਿਆਦਿ ਗੁਣਾਂ ਕਰਕੇ । ਭਾਰਤ ਦਾ ਦਿਲ ਹੈ ਪੰਜਾਬ । ਜਿਸ ਤਰ੍ਹਾਂ ਦਿਲ ਦੀ ਧੜਕਣ ਰੁਕਣ ਨਾਲ ਸਰੀਰ ਮੁਰਦਾ ਹੋ ਜਾਂਦਾ ਹੈ ਇਸੇ ਤਰ੍ਹਾਂ ਪੰਜਾਬ ਜਿੱਤਿਆ ਗਿਆ ਤਾਂ ਸਾਰਾ ਦੇਸ਼ ਹੀ ਜਿੱਤਿਆ ਗਿਆ। ਪੰਜਾਬ ਗ਼ੁਲਾਮ ਹੈ ਤਾਂ ਦੇਸ਼ ਗ਼ੁਲਾਮ ਹੈ, ਪੰਜਾਬ ਆਜ਼ਾਦ ਹੈ ਤਾਂ ਦੇਸ਼ ਆਜ਼ਾਦ ਹੈ। ਇਹ ਤਾਂ ਇਕ ਇਤਿਹਾਸਕ ਸੱਚ ਹੈ । ਪੰਜਾਬ ਮਜ਼ਬੂਤ ਹੈ ਤਾਂ ਦੇਸ਼ ਵੀ ਮਜ਼ਬੂਤ ਹੈ। ਪੰਜਾਬ ਖ਼ੁਸ਼ਹਾਲ ਹੈ ਤਾਂ ਦੇਸ਼ ਵੀ ਖ਼ੁਸ਼ਹਾਲ ਹੈ । ਪੰਜਾਬ ਗੁਰੂਆਂ, ਪੀਰਾਂ, ਸੂਫ਼ੀ ਫ਼ਕੀਰਾਂ, ਭਗਤਾਂ, ਸੂਰਬੀਰ ਸੰਗਰਾਮੀ ਯੋਧਿਆਂ ਦੀ, ਪੰਜਾਂ ਦਰਿਆਵਾਂ ਦੀ ਧਰਤੀ ਜਿਸਦਾ ਕਣ-ਕਣ ਸਤਿਗੁਰਾਂ ਦੀ ਚਰਨ ਛੋਹ ਨਾਲ ਪਵਿੱਤਰ ਹੋਇਆ ਹੋਇਆ ਹੈ । ਪੰਜਾਬ ਦੀ ਧਰਤੀ ਗੁਰੂ ਸਾਹਿਬਾਨ, ਸਾਹਿਬਜ਼ਾਦਿਆਂ, ਮਹਾਨ ਸਿੰਘਾਂ-ਸਿੰਘਣੀਆਂ, ਮਰਜੀਵੜਿਆਂ ਦੇ ਪਵਿੱਤਰ ਖ਼ੂਨ ਨਾਲ ਸਿੰਜੀ ਜਾਣ ਕਾਰਨ ਮਹਾਨ ਹੋਈ ਹੋਈ ਹੈ । ਪੰਜਾਬ ਭਾਰਤ ਦੀ ਅਣਖ, ਗੌਰਵ, ਅਤੇ ਗ਼ੈਰਤ ਦਾ ਚਿੰਨ੍ਹ ਹੈ । ਪੰਜਾਬ ਦੀ ਧਰਤੀ ਉੱਤੇ ਵੇਦਾਂ ਦੀ ਰਚਨਾ ਕੀਤੀ ਗਈ ਅਤੇ ਗੁਰੂ ਸਾਹਿਬਾਨ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਕਰ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕਰਕੇ ਪੰਜਾਬ ਦੀ ਧਰਤੀ ਨੂੰ ਅਧਿਆਤਮਿਕਤਾ ਵਿੱਚ ਰੰਗੀਜ ਦਿੱਤਾ । ਸੰਤ ਸਿਪਾਹੀ ਖ਼ਾਲਸਾ ਪੰਥ ਦੀ ਸਿਰਜਨਾ ਕਰਕੇ ਦਸ਼ਮੇਸ਼ ਜੀ ਨੇ ਪੰਜਾਬ ਨੂੰ ਹਮੇਸ਼ ਹਮੇਸ਼ ਲਈ ਭਾਰਤ ਦੀ ਖੜਗ ਭੁਜਾ ਬਣਾ ਦਿੱਤਾ । ਸਦਾਚਾਰ ਦਾ ਪੰਘੂੜਾ ਬਣਾ ਦਿੱਤਾ । ਪੰਜਾਬ ਦੀ ਖ਼ੁਸ਼ਦਿਲੀ



ਅਤੇ ਖੁੱਲ੍ਹਦਿਲੀ, ਮਹਿਮਾਨ ਨਿਵਾਜ਼ੀ, ਮਹਾਨ ਸਭਿਆਚਾਰ, ਸੁੰਦਰਤਾ ਅਤੇ ਸਰੀਰਕ ਸੁਡੌਲਤਾ ਤੇ ਸ਼ਕਤੀ ਸਾਰੇ ਜਹਾਨ ਵਿੱਚ ਮੰਨੀ ਹੋਈ ਹੈ । ਪ੍ਰੋ: ਪੂਰਨ ਸਿੰਘ ਨੇ ਠੀਕ ਹੀ ਕਿਹਾ ਹੈ:-

**ਪੰਜਾਬ ਹਿੰਦੂ ਨ ਮੁਸਲਮਾਨ, ਪੰਜਾਬ ਜੀਂਦਾ ਗੁਰਾਂ ਦੇ ਨਾਂ 'ਤੇ ।**

ਪ੍ਰੋ: ਪੂਰਨ ਸਿੰਘ ਨੂੰ ਤਾਂ ਪੰਜਾਬ ਦੇ ਦਰਿਆ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਜਾਪ ਕਰਦੇ ਮਹਿਸੂਸ ਹੁੰਦੇ ਹਨ । ਪ੍ਰੋ: ਪੂਰਨ ਸਿੰਘ ਲਿਖਦੇ ਹਨ :-

ਰਾਵੀ ਸੋਹਣੀ ਪਈ ਵਗਦੀ ਮੈਨੂੰ ਸਤਿਲੁਜ ਪਿਆਰਾ ਹੈ।
ਮੈਨੂੰ ਬਿਆਸ ਪਈ ਖਿੱਚਦੀ ਮੈਨੂੰ ਝਨਾਂ ਵਾਜਾਂ ਮਾਰਦਾ।
ਮੈਨੂੰ ਜੇਹਲਮ ਪਿਆਰਦਾ।
ਅਟਕ ਦੀਆਂ ਲਹਿਰਾਂ ਦੀ ਠਾਠ ਮੇਰੇ ਬੂਹੇ 'ਤੇ ਵੱਜਦੀ।

ਪ੍ਰੋ: ਪੂਰਨ ਸਿੰਘ ਇਉਂ ਵੀ ਲਿਖਦੇ ਹਨ , 'ਸਾਰਾ ਜਪੁ ਸਾਹਿਬ ਗਾਉਂਦੇ ਠੰਢੇ ਤੇ ਠਾਰਦੇ ਪਿਆਰਦੇ''

ਪੰਜਾਬੀ ਸੁਭਾਅ ਬਾਰੇ ਕਵੀ ਨੇ ਲਿਖਿਆ ਹੈ,

**"ਇਹ ਗੱਭਰੂ ਪੰਜਾਬ ਦੇ,**
**ਪਿਆਰ ਨਾਲ ਇਹ ਕਰਨ ਗ਼ੁਲਾਮੀ,**
**ਟੈਂ ਨਾ ਕਿਸੇ ਦੀ ਸਹਾਰਦੇ"**

ਮੇਲਿਆਂ ਵਿੱਚ ਮਸਤ ਹੋਣ ਵਾਲੇ ਪੰਜਾਬੀ ਗੱਭਰੂ ਬਾਰੇ ਠੀਕ ਹੀ ਲਿਖਿਆ ਹੈ "ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।" ਪ੍ਰੋ: ਪੂਰਨ ਸਿੰਘ ਨੇ ਪੰਜਾਬੀ ਗੱਭਰੂ ਦੀ ਨਿਰਭੈਤਾ, ਨਿਡਰਤਾ ਅਤੇ ਦਲੇਰੀ ਬਾਰੇ ਇਉਂ ਲਿਖਿਆ ਹੈ:

**ਮੌਤ ਨੂੰ ਇਹ ਕਰਨ ਮਖੌਲਾਂ ਡਾਂਗਾਂ ਕੱਢ ਮੋਢੇ ਤੋਂ ਉਲਾਰਦੇ ॥**

ਮਜ਼ਬੂਤ ਜੁੱਸੇ ਵਾਲੇ ਜੁਆਨਾਂ ਅਤੇ ਮੁਟਿਆਰਾਂ ਦਾ ਦੇਸ ਪੰਜਾਬ। ਮਹਾਨ ਕਹਾਉਣ ਵਾਲੇ ਸਿਕੰਦਰ ਦੀ ਈਨ ਨਾ ਮੰਨਣ ਵਾਲਾ ਅਤੇ ਬਾਬਰ ਨੂੰ ਜ਼ਾਬਰ ਕਹਿ ਕੇ ਲਲਕਾਰਨ ਵਾਲਾ ਪੰਜਾਬ, ਦਰਾ ਖ਼ੈਬਰ, ਕਾਬਲ ਕੰਧਾਰ, ਲੇਹ ਲੱਦਾਖ, ਤਿੱਬਤ ਅਤੇ ਚੀਨ ਦੀਆਂ ਸਰਹੱਦਾਂ ਤੀਕ ਅਤੇ ਜਮਰੌਦ ਦੇ ਕਿਲ੍ਹੇ ਉੱਤੇ ਖਾਲਸਾਈ ਪਰਚਮ ਲਹਿਰਾਉਣ ਵਾਲਾ ਦੇਸ਼ ਪੰਜਾਬ । ਇੱਥੋਂ

ਦੇ ਸੱਜ ਵਿਆਹੇ ਫੌਜੀ ਗੱਭਰੂ ਦੇ ਆਪਣੇ ਦੇਸ਼ ਪੰਜਾਬ ਪ੍ਰਤੀ ਜਜ਼ਬਾਤ ਨੂੰ ਪ੍ਰੋ:ਮੋਹਨ ਸਿੰਘ ਨੇ ਇਉਂ ਬਿਆਨ ਕੀਤਾ ਹੈ :-

**"ਵਾਗਾਂ ਛੱਡਦੇ ਹੰਝੂਆਂ ਵਾਲੀਏ ਨੀ, ਪੈਰ ਧਰਨ ਦੇ ਮੈਨੂੰ ਰਕਾਬ ਉੱਤੇ।**
**ਮੇਰੇ ਦੇਸ਼ 'ਤੇ ਬਣੀ ਹੈ ਭੀੜ ਭਾਰੀ ਵੈਰੀ ਟੁੱਟ ਪਏ ਨੇ ਸੋਹਣੇ ਪੰਜਾਬ ਉੱਤੇ।**
**ਸਰੂ ਵਰਗੀ ਜੁਆਨੀ ਕੀ ਫੂਕਣੀਏਂ ਭੂੰਡ ਬਹਿ ਗਿਆ ਜੇ ਫੁੱਲ ਗੁਲਾਬ ਉੱਤੇ।"**

**ਧਰਮ, ਗੌਰਵ, ਗ਼ੈਰਤ, ਨੈਤਿਕਤਾ, ਮਨੁੱਖੀ ਅਧਿਕਾਰਾਂ, ਮਨੁੱਖੀ ਬਰਾਬਰੀ, ਰੱਬੀ ਏਕਤਾ, ਹੱਕ ਅਤੇ ਸੱਚ ਲਈ ਚਰਖੜੀਆਂ ਉੱਤੇ ਚੜ੍ਹਨ, ਬੰਦ-ਬੰਦ ਕਟਵਾਉਣ, ਆਰਿਆਂ ਨਾਲ ਚੀਰੇ ਜਾਣ, ਖੋਪਰੀਆਂ ਲੁਹਾਉਣ, ਮਾਸੂਮ ਸੀਰਖੋਰ ਬੱਚਿਆਂ ਦੇ ਟੁਕੜੇ-ਟੁਕੜੇ ਕਰਵਾ ਕੇ ਝੋਲੀਆਂ ਵਿੱਚ ਪਵਾਉਣ ਵਾਲਾ ਅਤੇ ਅਕਾਲ ਪੁਰਖ ਦੇ ਭਾਣੇ ਵਿੱਚ ਵਿਚਰਨ ਵਾਲਾ "ਸਵਾ ਲਾਖ ਸੇ ਏਕੁ ਲੜਾਊਂ, ਤੱਤੀ ਤਵੀ ਉੱਤੇ ਬੈਠੇ, " ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ॥" ਦੇ ਸੱਚ ਨੂੰ ਪ੍ਰਗਟ ਕਰਨ ਅਤੇ ਦੇਸ਼ ਤੇ ਦੁਨੀਆਂ ਵਿੱਚ "ਤਪਤਿ ਮਾਹਿ ਠਾਢਿ ਵਰਤਾਈ॥" ਦੇ ਸੱਚ ਨੂੰ ਉਜਾਗਰ ਕਰਨ ਵਾਲਾ ਪੰਜਾਬ । ਅਜੀਬ, ਅਸਚਰਜ, ਅਮੀਰ, ਮਹਾਨ, ਵਿਲੱਖਣ ਅਤੇ ਗੌਰਵਮਈ ਵਿਰਸੇ ਦਾ ਵਾਰਸ ਪੰਜਾਬ, ਖੇਡ ਦੇ ਮੈਦਾਨ ਤੋਂ ਮੈਦਾਨੇ ਜੰਗ, ਵਿਦਿਆ ਦੇ ਖੇਤਰ ਤੋਂ ਅਨਾਜ ਦੇ ਭੰਡਾਰ ਭਰਨ ਤੀਕ ਮੱਲਾਂ ਮਾਰਨ ਵਾਲਾ ਦੇਸ਼ ਪੰਜਾਬ ।**

ਇਹ ਮਹਾਨ ਪੰਜਾਬ ਸੀ । ਅੱਜ ਪੰਜਾਬ ਨੂੰ ਨਜ਼ਰ ਲੱਗ ਗਈ ਹੈ। ਪੰਜਾਬ ਨੂੰ ਅੰਦਰੂਨੀ ਅਤੇ ਬਾਹਰੀ ਦੁਸ਼ਮਣਾਂ ਨੇ ਬੁਰੀ ਤਰ੍ਹਾਂ ਘੇਰ ਲਿਆ ਹੈ । ਪੰਜਾਬ ਨੂੰ ਸਰੀਰਕ ਅਤੇ ਆਤਮਿਕ ਤੌਰ ਉੱਤੇ ਗ਼ੁਲਾਮ ਬਣਾ ਲਿਆ ਗਿਐ । ਅਸੀਂ ਪੰਜਾਬੀ ਖ਼ੁਦ ਵੀ ਇਸ ਅਧੋਗਤੀ ਲਈ ਕਸੂਰਵਾਰ ਹਾਂ। ਅਫ਼ਸੋਸ! ਬੇਹੱਦ ਅਫ਼ਸੋਸ!! ਪੰਜਾਬ ਉੱਜੜ ਚਲਿਐ । ਕਰਜ਼ੇ ਅਤੇ ਨਸ਼ਿਆਂ ਦੇ ਬੋਝ ਥੱਲੇ ਦਬਿਆ ਗਿਐ । ਬੜੇ-ਬੜੇ ਦਰਿੰਦਿਆਂ ਨੂੰ "ਨੱਕੀ ਚਣੇ ਚਬਾਉਣ ਵਾਲਾ" ਪੰਜਾਬੀ ਗੱਭਰੂ ਹੁਣ ਆਤਮ-ਹੱਤਿਆਵਾਂ ਕਰ ਰਿਹੈ। ਅਸੀਂ ਅਵੇਸਲੇ ਹਾਂ । ਦੁਸ਼ਮਣ ਸ਼ਕਤੀਆਂ ਅਤੇ ਉਨ੍ਹਾਂ ਦੀਆਂ ਸਾਜ਼ਸ਼ਾਂ ਵਿਰੁੱਧ ਲੜਨ ਦੀ ਥਾਂ ਅਸੀਂ ਆਪਸ ਵਿੱਚ ਉਲਝ ਕੇ ਆਪਣੀ ਸ਼ਕਤੀ ਮਾਨ-ਸਨਮਾਨ, ਮਹਾਨ ਵਿਰਾਸਤ, ਅਦੁੱਤੀ ਇਤਿਹਾਸ, ਸਾਨਾਮੱਤੀਆਂ ਪਰੰਪਰਾਵਾਂ, ਰਵਾਇਤਾਂ, ਗੌਰਵ ਅਤੇ ਗ਼ੈਰਤ ਨਸ਼ਟ ਕਰ ਰਹੇ ਹਾਂ । ਕਿਸੇ



ਸ਼ਾਇਰ ਦਾ ਇਹ ਸ਼ੇਅਰ ਸਾਡੇ ਉੱਤੇ ਠੀਕ ਹੀ ਢੁੱਕਦਾ ਹੈ,

**"ਦਿਲ ਕੇ ਫਫੋਲੇ ਜਲ ਉਠੇ ਸੀਨੇ ਕੇ ਦਾਗ਼ ਸੇ।**
**ਇਸ ਘਰ ਕੋ ਆਗ ਲੱਗ ਗਈ ਘਰ ਕੇ ਚਰਾਗ ਸੇ"**

ਪ੍ਰੋ: ਮੋਹਨ ਸਿੰਘ ਨੇ ਅਜਿਹੇ ਹਾਲਾਤ ਨੂੰ ਆਪਣੇ ਸੰਵੇਦਨਸ਼ੀਲ ਸ਼ਬਦਾਂ ਵਿੱਚ ਇਉਂ ਬਿਆਨਿਆ ਹੈ :

**ਦੱਸ ਨਾ, ਇਹ ਕੀ ਹੋਇਆ? ਕਿਸ ਲਈ ਸਭ ਕੁਝ ਖੋਇਆ ?**
**ਦਵਾਈ ਖਾ ਮਰੀਜ਼ ਹੀ ਮੋਇਆ। ਸਾਡੇ ਹੱਥ ਕੀ ਆਇਆ ?**

1947 ਦੀ ਵੰਡ ਨੇ ਪੰਜਾਬ ਦੋਖੀ ਸ਼ਕਤੀਆਂ, ਧਾਰਮਿਕ ਬੁਰਕੇ ਓੜ ਕੇ ਵਿਚਰ ਰਹੇ ਅਧਰਮੀਆਂ, ਕੱਟੜਪੰਥੀਆਂ ਨੇ ਆਪਣੀ ਸੌੜੀ ਰਾਜਨੀਤਕ ਖੇਡ ਰਾਹੀਂ ਡੂੰਘੀ ਸਾਜ਼ਸ਼ ਅਧੀਨ ਉਸ ਮਹਾਨ ਪੰਜਾਬ ਦੇ ਸੀਨੇ ਨੂੰ ਚੀਰ ਕੇ ਦੋਫਾੜ ਕਰ ਦਿੱਤਾ । ਪੰਜਾਬ ਦੀ ਵੰਡ ਦਰ ਵੰਡ ਹੋਈ। ਪੰਜਾਬ ਵਾਰ-ਵਾਰ ਛਾਂਗਿਆ ਗਿਆ। ਵਾਰ-ਵਾਰ ਲਹੂ-ਲੁਹਾਨ ਹੋਇਆ ਅਤੇ ਘਰੋਂ ਬੇਘਰ ਹੋਇਆ ਪੰਜਾਬ । ਸ਼ਾਹਾਂ ਤੋਂ ਫ਼ਕੀਰ ਬਣ ਗਏ ਪੰਜਾਬੀ। ਸਰਦਾਰਾਂ ਤੋਂ ਰਫ਼ਿਊਜੀ ਬਣੇ ਪੰਜਾਬੀ । ਹੁਣ ਇਹ ਉਹ ਮਹਾਨ ਪੰਜਾਬ ਨਹੀਂ ਸਗੋਂ ਪੂਰਬੀ ਪੰਜਾਬ ਅਤੇ ਪੱਛਮੀ ਪੰਜਾਬ ਬਣ ਗਿਆ । ਉਪਰੰਤ ਪੂਰਬੀ ਪੰਜਾਬ ਦੇ ਕੁਦਰਤੀ ਸੋਮੇ, ਦਰਿਆਵਾਂ ਦਾ ਪਾਣੀ, ਰਾਜਧਾਨੀ, ਪੰਜਾਬੀ ਬੋਲਦੇ ਇਲਾਕੇ ਖੋਹ ਲਏ ਗਏ । ਅਨੇਕਾਂ ਹੱਥ ਕੰਡੇ ਵਰਤ ਕੇ ਪੰਜਾਬ ਨੂੰ ਤਬਾਹ ਕਰਨ ਦੀਆਂ ਕੋਸ਼ਿਸ਼ਾਂ ਹੋਈਆਂ। ਅੱਜ ਵੀ ਜਾਰੀ ਹਨ । ਪੰਜਾਬ ਵਿੱਚ ਬੇਰੁਜ਼ਗਾਰੀ ਫੈਲਾ ਕੇ ਨਸ਼ਿਆਂ ਦੇ ਦਰਿਆ ਵਹਾ ਕੇ, ਪੰਜਾਬ ਦੀ ਆਰਥਿਕ ਲੁੱਟ ਕਰਕੇ, ਅਮੀਰ ਪੰਜਾਬ ਨੂੰ ਦੇਸ਼ ਦੇ ਗ਼ਰੀਬ ਸੂਬਿਆਂ ਨਾਲ ਖੜ੍ਹਾ ਕਰ ਦਿੱਤੈ । ਇਹ ਪੰਜਾਬੀਆਂ ਨੂੰ ਭਾਰਤ ਦੀ ਅਜ਼ਾਦੀ ਵਿੱਚ ਸਭ ਤੋਂ ਵੱਧ (80%) ਕੁਰਬਾਨੀਆਂ ਕਰਨ, ਦੇਸ਼ ਦੇ ਅੰਨ ਭੰਡਾਰ ਨੂੰ ਪ੍ਰਫੁੱਲਿਤ ਕਰਨ, ਦੇਸ਼ ਦੀਆਂ ਸਰਹੱਦਾਂ ਦੀ ਖੜਗ ਭੁਜਾ ਬਣ ਕੇ, ਰਾਖੀ ਕਰਨ ਆਦਿ ਦੀ ਸਜ਼ਾ ਦਿੱਤੀ ਗਈ ।

1975 ਦੀ ਐਮਰਜੈਂਸੀ ਵਿਰੁੱਧ ਸੰਘਰਸ਼ ਕਰਕੇ ਦੇਸ਼ ਨੂੰ ਦੂਜੀ ਵਾਰ ਅਜ਼ਾਦੀ ਦਿਵਾਉਣ ਦੀ ਸਜ਼ਾ ਸ੍ਰੀ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਦੇ ਸੀਨੇ ਵਿੱਚ ਗੋਲੀਆਂ, ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ ਢੇਰੀ

ਕਰਨ, 15 ਸਾਲ ਪੰਜਾਬ ਵਿੱਚ ਸਰਕਾਰ ਵੱਲੋਂ ਖ਼ੂਨ ਦੀ ਹੋਲੀ ਖੇਡਣ ਦੇ ਰੂਪ ਵਿੱਚ ਦਿੱਤੀ ਗਈ ।

ਪੰਜਾਬ ਦੇ ਗੱਭਰੂ ਨੇ ਖ਼ੂਨ ਪਸੀਨੇ ਦੀ ਮਿਹਨਤ ਨਾਲ ਹਰਾ ਇਨਕਲਾਬ ਲਿਆਂਦਾ ਅਤੇ ਫਿਰ ਚਿੱਟਾ ਇਨਕਲਾਬ ਲਿਆਂਦਾ, ਜਿਸ ਨਾਲ ਪੀ.ਐਲ 480 ਸਮਝੌਤੇ ਅਧੀਨ ਸੂਰਾਂ ਦੇ ਖਾਣ ਵਾਲੀ ਮੈਕਸੀਕਨ ਕਣਕ ਜੋ ਅਸੀਂ ਮਜ਼ਬੂਰੀ ਵੱਸ ਖਾਂਦੇ ਰਹੇ ਆਉਣੋਂ ਬੰਦ ਹੋਈ। ਦੇਸ ਵਿੱਚ ਲੋੜ ਨਾਲੋਂ ਵੱਧ ਅੰਨ ਭੰਡਾਰ ਪੈਦਾ ਕਰ ਦਿੱਤਾ। ਪੰਜਾਬੀਆਂ ਵੱਲੋਂ ਕੀਤੇ ਗਏ ਹਰੇਕ ਨੇਕ ਅਤੇ ਚੰਗੇ ਕੰਮ ਲਈ ਸਜ਼ਾ ਹੀ ਦਿੱਤੀ ਜਾਂਦੀ ਰਹੀ ਹੈ ਹਮੇਸ਼ਾਂ। ਬਸ ਸਾਜ਼ਸ਼ ਦਰ ਸਾਜ਼ਸ਼ ਸ਼ੁਰੂ ਹੋ ਗਈ । ਪੰਜਾਬ ਦੇ ਕਿਸਾਨ ਨੂੰ ਤਬਾਹ ਕਰਨ ਲਈ ਸਕੀਮਾਂ ਘੜੀਆਂ ਅਤੇ ਲਾਗੂ ਕਰਨੀਆਂ ਸ਼ੁਰੂ ਹੋ ਗਈਆਂ। ਹਰ ਤਰ੍ਹਾਂ ਦਾ ਵਿਤਕਰਾ ਸ਼ੁਰੂ ਹੋ ਗਿਆ। ਇਤਿਹਾਸ ਗਵਾਹ ਹੈ ਕਿ ਪੰਜਾਬ ਨੂੰ ਕਦੇ ਵੀ ਕਿਸੇ ਨੇ ਆਪਣੇ ਬਾਹੂਬਲ ਨਾਲ ਨਹੀਂ ਦਬਾਇਆ। ਹਾਂ! ਸਾਜ਼ਸ਼ਾਂ ਰਾਹੀਂ ਗ਼ੁਲਾਮ ਜ਼ਰੂਰ ਕੀਤਾ। ਅੱਜ ਵੀ ਅਜਿਹਾ ਹੀ ਹੋ ਰਿਹੈ। ਪੰਜਾਬ ਦੀ ਜੁਆਨੀ ਨੂੰ ਤਬਾਹ ਕਰਨ ਲਈ ਬੇਰੁਜ਼ਗਾਰੀ ਅਤੇ ਨਸ਼ਿਆਂ ਦਾ ਦਰਿਆ ਬਹਾ ਦਿੱਤਾ ਗਿਐ । ਹਰੇ ਇਨਕਲਾਬ ਨੇ ਵੀ ਭਾਵੇਂ ਆਪਣਾ ਯੋਗਦਾਨ ਪਾਇਆ। ਮਾਇਕ ਖ਼ੁਸ਼ਹਾਲੀ ਨਾਲ "**ਦੁਖੁ ਦਾਰੂ ਸੁਖੁ ਰੋਗੁ ਭਇਆ**" ਤਥਾ "**ਸੁਖਹੁ ਉਠੇ ਰੋਗ ਪਾਪ ਕਮਾਇਆ॥**" ਦਾ ਸੱਚ ਪ੍ਰਗਟ ਹੋ ਗਿਐ। ਨੌਜਵਾਨ ਐਸ਼-ਪ੍ਰਸਤੀ ਵਿੱਚ ਪੈ ਗਏ , ਕਿਰਤ ਛੱਡ ਗਏ । "ਖਾਣਾ, ਪੀਣਾ, ਹੱਸਣਾ, ਸੌਣਾ, ਵਿਸਰ ਗਿਆ ਹੈ ਮਰਣਾ" ਦਾ ਜੀਵਨ ਬਣ ਗਿਆ। ਸਾਡਾ ਹਾਲ ਪੱਛਮੀ ਪ੍ਰਭਾਵ ਹੇਠ ਤੇ ਪੈਸੇ ਦੀ ਚਕਾਚੌਂਧ ਵਿੱਚ ਉਲਟ ਹੋ ਗਿਐ । ਜੀਵਨ ਵਿੱਚ ਅਸ਼ਲੀਲਤਾ ਅਤੇ ਨੰਗੇਜ਼ ਆ ਰਿਹਾ ਐ। ਭਾਵੇਂ ਗੁਰੂ ਨਾਨਕ ਦੇਵ ਜੀ ਨੇ ਤਾਂ ਇਉਂ ਫ਼ਰਮਾਇਆ ਸੀ :-

**ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥**
**ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥** (ਅੰ: ੧੬)
ਤਥਾ
**ਬਾਬਾ ਹੋਰੁ ਪੈਨਣੁ ਖੁਸੀ ਖੁਆਰੁ ॥**
**ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥** (ਅੰ: ੧੬)



ਅਸੀਂ ਗੁਰੂ ਸਾਹਿਬਾਨ ਦੇ ਉਪਦੇਸ਼ ਤੋਂ ਮੁੱਖ ਮੋੜ ਲਿਆ ਹੈ । ਚਾਰੇ ਪਾਸੇ ਨਜ਼ਰ ਮਾਰ ਕੇ ਵੇਖੀਏ ਤਾਂ ਕੰਬਣੀ ਛਿੜ ਜਾਂਦੀ ਹੈ । ਕਿੱਧਰ ਗਿਆ ਪੰਜਾਬ ਦਾ ਮਜ਼ਬੂਤ ਜੁੱਸਾ? ਕਿੱਧਰ ਗਏ ਪੰਜਾਬ ਦੇ ਸੁਨੱਖੇ ਸੁਡੌਲ ਸਰੀਰ! ਕਿੱਧਰ ਗਈਆਂ ਪੰਜਾਬ ਦੀਆਂ ਮੁਟਿਆਰਾਂ! ਗੁਰਾਂ ਦੇ ਨਾਂ ਉੱਤੇ ਜਿਊਣ ਵਾਲੇ ਪੰਜਾਬ ਵਿੱਚੋਂ ਅਧਿਆਤਮਿਕਤਾ ਖੰਭ ਲਾ ਕੇ ਉੱਡ ਗਈ ਹੈ, ਬਸ ਪਖੰਡ, ਕਰਮ-ਕਾਂਡ, ਜਾਤ-ਪਾਤ, ਊਚ-ਨੀਚ, ਫਿਰਕਾਪ੍ਰਸਤੀ, ਵਿਖਾਵਾ ਤੇ ਅੰਧ-ਵਿਸ਼ਵਾਸ ਹੀ ਰਹਿ ਗਿਆ । ਪੰਜਾਬ ਦੀ ਆਤਮਾ ਗੁਰੂ ਉਪਦੇਸ਼ ਤੋਂ ਕੋਰੀ ਅਤੇ ਜੁਆਨੀ ਮਹਾਨ ਵਿਰਸੇ ਤੋਂ ਸੱਖਣੀ ਹੋ ਗਈ ਹੈ । ਪੰਜਾਬ ਦੀ ਜੁਆਨੀ ਮੁਕੰਮਲ ਮਯੂਸੀ ਦੇ ਦੌਰ ਵਿੱਚੋਂ ਗੁਜ਼ਰ ਰਹੀ ਹੈ । ਨਤੀਜਾ ! ਗੱਭਰੂ ਅਤੇ ਮੁਟਿਆਰਾਂ ਨਸ਼ਿਆਂ ਦਾ ਸ਼ਿਕਾਰ ਹੋ ਰਹੇ ਹਨ । ਖ਼ੁਦਕੁਸ਼ੀਆਂ, ਆਤਮ-ਹੱਤਿਆਵਾਂ ਆਮ ਹੀ ਹੋ ਰਹੀਆਂ ਹਨ । ਉਹ ਆਪਣੇ ਆਪ ਤੋਂ ਆਤਮ-ਵਿਸ਼ਵਾਸ ਖੋਹ ਬੈਠੇ ਹਨ । ਇਕ ਸਰਵੇ ਅਨੁਸਾਰ 1995 ਵਿੱਚ 3% ਨੌਜਵਾਨ ਸਮੈਕ ਵਰਤਦੇ ਸਨ ਜਦੋਂਕਿ 2004 ਵਿੱਚ 65% ਹੋ ਗਏ। ਨਸ਼ੇੜੀਆਂ ਵਿੱਚ 45% ਗਿਣਤੀ ਬੇਰੁਜ਼ਗਾਰਾਂ ਦੀ ਹੈ । 30% ਅਨਪੜ੍ਹ, 25% ਪੜ੍ਹੇ ਲਿਖੇ, 40% ਵਿਦਿਆਰਥੀ, 20% ਮਜ਼ਦੂਰ, 15% ਪੁਲਿਸ, 10%ਕਿਸਾਨ, 5%ਵਪਾਰੀ, 5% ਅਧਿਆਪਕ ਅਤੇ 15% ਹੋਰ ਨੌਕਰੀ ਪੇਸ਼ਾ ਲੋਕ ਹਨ ਅਤੇ ਇਹਨਾਂ ਵਿੱਚੋਂ 58% 20 ਸਾਲ ਤੋਂ ਘੱਟ ਉਮਰ ਦੇ ਹਨ ਅਤੇ 20 ਸਾਲ ਤੋਂ 30 ਸਾਲ ਉਮਰ ਵਾਲਿਆਂ ਵਿੱਚ 80%ਲੜਕੇ ਨਸ਼ੇੜੀ ਬਣ ਗਏ ਹਨ ਅਤੇ 60% ਲੜਕੀਆਂ ਨਸ਼ੇੜੀ ਬਣ ਗਈਆਂ ਹਨ। ਕੁੱਲ ਗਿਣਤੀ ਵਿੱਚੋਂ 80% ਮਰਦ ਅਤੇ 70% ਔਰਤਾਂ ਨਸ਼ਾ ਕਰਦੀਆਂ ਹਨ। ਇਸ ਤਰ੍ਹਾਂ ਤਕਰੀਬਨ ਹਰ ਸਾਲ ਕਰੋੜਾਂ ਰੁਪਿਆ ਨਸ਼ਿਆਂ ਉੱਤੇ ਬਰਬਾਦ ਹੋ ਰਿਹੈ। ਸਾਨੂੰ ਸਤਿਗੁਰਾਂ ਦਾ ਮਹਾਨ ਉਪਦੇਸ਼ "**ਅੰਮ੍ਰਿਤੁ ਭੋਜਨੁ ਨਾਮੁ ਹਰਿ ਰਜਿ ਰਜਿ ਜਨ ਖਾਹੁ॥ ਸਭਿ ਪਦਾਰਥ ਪਾਈਅਨਿ ਸਿਮਰਣੁ ਸਚੁ ਲਾਹੁ॥** (ਅੰ: ੫੫੬), ਵਿਸਰ ਗਿਐ ਅਤੇ ਸਾਡੀ ਹਾਲਤ ਤਾਂ "**ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ॥**"(**ਅੰ:੭੯੦) ਵਾਲੀ ਹੋਈ ਹੈ।**

ਗੁਰਮਤਿ ਵਿਆਹ-ਸ਼ਾਦੀ ਨੂੰ "ਅਨੰਦ ਕਾਰਜ" ਕਰਕੇ ਮੰਨਦੀ ਹੈ। ਜਿੱਥੇ ਦੋ ਰੂਹਾਂ ਦਾ ਮੇਲ ਅਤੇ ਦੋਹਾਂ ਪਰਿਵਾਰਾਂ ਅਤੇ ਉਹਨਾਂ ਦੇ ਸਾਕਾਂ-ਸੰਬੰਧੀਆਂ ਦਾ "**ਪੁਤੀ ਗੰਢੁ ਪਵੈ ਸੰਸਾਰਿ ॥**" (ਅੰਗ ੧੪੩) ਅਨੁਸਾਰ

ਆਪਸੀ ਮੇਲ-ਮਿਲਾਪ ਹੁੰਦਾ ਹੈ ਉੱਥੇ ਇਹਨਾਂ ਵਿਆਹ-ਸ਼ਾਦੀਆਂ ਵਿੱਚ ਆਪਣੀ ਹਉਮੈਂ ਹੰਕਾਰ ਨੂੰ ਪੱਠੇ ਪਾਉਣ ਹਿੱਤ ਜਾਂ ਕਈ ਲੜਕੇ ਵਾਲਿਆਂ ਦੇ ਦਬਾਅ ਹੇਠ ਮਜਬੂਰੀ ਵੱਸ ਭਾਂਤ-ਭਾਂਤ ਦੀ ਸ਼ਰਾਬ ਦੇ ਦਰਿਆ ਹੀ ਵਹਾਏ ਜਾਂਦੇ ਹਨ ਅਤੇ ਅਜਿਹੇ ਖ਼ੁਸ਼ੀ ਦੇ ਸਮਿਆਂ ਵਿੱਚ ਨਸ਼ਾ-ਗ੍ਰਸਤ ਲੋਕ ਐਸਾ ਉਪੱਦਰ ਖੜ੍ਹਾ ਕਰ ਦਿੰਦੇ ਹਨ ਕਿ ਸਾਰੀਆਂ ਖ਼ੁਸ਼ੀਆਂ ਗ਼ਮੀਆਂ ਵਿੱਚ ਬਦਲ ਜਾਂਦੀਆਂ ਹਨ ਅਤੇ ਅਜਿਹੇ ਵਿਆਹ-ਸ਼ਾਦੀਆਂ ਮੌਕੇ ਸਾਊ, ਭਲੇ ਪੁਰਸ਼ਾਂ ਲਈ ਸਮੂਲੀਅਤ ਕਰਨੀ ਔਖੀ ਹੋ ਜਾਂਦੀ ਹੈ ।

ਇਸੇ ਤਰ੍ਹਾਂ ਅਮੀਰਜ਼ਾਦਿਆਂ (ਲੜਕੇ-ਲੜਕੀਆਂ) ਦੀਆਂ ਜੁੰਡਲੀਆਂ ਵੱਲੋਂ ਨਵੀਂ ਬੀਮਾਰੀ "ਹੁਕਾ ਬਾਰ" ਚਾਲੂ ਕਰ ਲਿਆ ਗਿਆ ਹੈ ਜਿੱਥੇ ਭ੍ਰਿਸ਼ਟ ਤਰੀਕਿਆਂ ਨਾਲ ਇਕੱਤਰ ਕੀਤੇ ਧਨ ਨੂੰ 'ਗੁਲਛਰਿਆਂ' ਰਾਹੀਂ ਉਡਾਇਆ ਜਾਂਦਾ ਹੈ ਅਤੇ ਛਿਪਕਲੀਆਂ, ਨੂੰਹੇਂ ਆਦਿ ਨੂੰ ਸਾੜ ਕੇ, ਉਹਨਾਂ ਦੀ ਸੁਆਹ ਅਤੇ ਹੋਰ ਭਾਂਤ-ਭਾਂਤ ਦੇ ਨਸ਼ੇ ਹੁੱਕਿਆਂ ਵਿੱਚ ਪਾ ਕੇ, ਉਹਨਾਂ ਦਾ ਸੇਵਨ ਕਰਕੇ ਮਸਤੀ ਵਿੱਚ ਆਇਆ ਜਾਂਦਾ ਹੈ ਅਤੇ ਆਪਸ ਵਿੱਚ ਖੇਹ-ਖੁਆਰੀ ਕੀਤੀ ਜਾਂਦੀ ਹੈ ਅਤੇ ਜ਼ਿੰਦਗੀ ਨਾਲ ਖਿਲਵਾੜ ਕੀਤਾ ਜਾਂਦਾ ਹੈ । ਦੁਖਦਾਇਕ ਗੱਲ ਇਹ ਹੈ ਕਿ ਜੁੰਡਲੀਆਂ ਕਈ ਗ਼ਰੀਬ ਭੋਲੇ-ਭਾਲੇ ਲੜਕੇ-ਲੜਕੀਆਂ ਨੂੰ ਵੀ ਆਪਣੇ ਚੁੰਗਲ ਵਿੱਚ ਫਸਾ ਕੇ ਉਹਨਾਂ ਦਾ ਖ਼ੂਬ ਸ਼ੋਸ਼ਣ ਕਰਦੀਆਂ ਹਨ ਅਤੇ ਅਨੇਕਾਂ ਹੀ ਗ਼ਰੀਬ ਘਰਾਂ ਦੇ ਭੋਲੇ-ਭਾਲੇ ਬੱਚਿਆਂ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾ ਕੇ ਘਰਾਂ ਦੇ ਘਰ ਬਰਬਾਦ ਕਰ ਰਹੇ ਹਨ ।

ਭੁੱਕੀ, ਚਰਸ, ਗਾਂਜਾ, ਅਫ਼ੀਮ, ਭੰਗ, ਪੋਸਤ, ਸ਼ਰਾਬ, ਬਹੁਤ ਪਿੱਛੇ ਰਹਿ ਗਏ ਹਨ । ਹੁਣ ਸਮੈਕ ਕੋਕੀਨ, ਹੈਰੋਇਨ ਤੇ ਕੈਪਸੂਲ ਆਮ ਹੋ ਗਏ ਹਨ । ਕਈ ਕਿਸਮ ਦੀਆਂ ਦਵਾਈਆਂ ਨਸ਼ੇੜੀ ਵਰਤ ਰਹੇ ਹਨ। ਇੱਥੋਂ ਤੀਕ ਕਿ ਆਇਓਡੈਕਸ, ਸਾਈਕਲਾਂ ਅਤੇ ਸਕੂਟਰਾਂ ਨੂੰ ਪੰਕਚਰ ਲਾਉਣ ਲਈ ਵਰਤੀ ਜਾਂਦੀ ਟਿਊਬ ਦੀ ਪੇਸ਼ਟ ਅਤੇ ਬੂਟ ਪਾਲਿਸ਼ ਵੀ ਨਸ਼ੇ ਦੇ ਤੌਰ ਉੱਤੇ ਵਰਤੀ ਜਾ ਰਹੀ ਹੈ । ਪੰਜਾਬ ਅੰਦਰ ਤਕਰੀਬਨ 30 ਕਰੋੜ ਦੀ ਇਕੱਲੀ ਭੁੱਕੀ ਦੀ ਹੀ ਖਪਤ ਹੋ ਰਹੀ ਹੈ ਹਰ ਸਾਲ । ਦਿਹਾਤੀ ਇਲਾਕਿਆਂ ਤੋਂ ਸ਼ਹਿਰੀ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿੱਚ ਨਸ਼ਿਆਂ ਦਾ ਸੇਵਨ ਕਿਤੇ ਵੱਧ ਹੋ ਰਿਹੈ । ਜ਼ਿੰਦਗੀ ਵਿੱਚ ਪੱਛਮੀ ਪ੍ਰਭਾਵ



ਕਾਰਨ ਆਏ ਖੁੱਲ੍ਹੇਪਨ ਅਤੇ ਅਧਿਆਤਮਿਕਤਾ ਦੀ ਥਾਂ ਪਦਾਰਥਵਾਦੀਆਂ ਦੇ ਅਸਰ ਹੇਠ ਆਉਣ ਕਾਰਨ ਇਹ ਭਾਣਾ ਵਾਪਰ ਰਿਹਾ ਹੈ। ਜੁਆਨੀ ਤਬਾਹ ਹੋ ਰਹੀ ਹੈ । ਅੱਜ ਰੂਹਾਨੀ ਆਨੰਦ ਨਹੀਂ ਸਗੋਂ ਆਪਣੇ ਆਪ ਨੂੰ ਨਸ਼ਿਆਂ ਨਾਲ ਕਮਲਾ ਕਰਕੇ ਥੋੜ੍ਹਚਿਰੀ ਖ਼ੁਸ਼ੀ ਅਤੇ ਮਸਤੀ ਲਈ ਦੌੜ ਲੱਗੀ ਹੋਈ ਹੈ । ਸਤਿਗੁਰਾਂ ਦਾ ਅਧਿਆਤਮਿਕ ਉਪਦੇਸ਼ ਤਾਂ ਸੀ :-

**ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ ॥**
**ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ ॥**(ਅੰਗ ੫੫੪)
ਤਥਾ
**ਭੰਗ, ਅਫ਼ੀਮ, ਪੋਸਤ, ਮਦੁ ਉਤਰ ਜਾਏ ਪ੍ਰਭਾਤ ॥**
**ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ ॥**

ਪੰਜਾਬ ਦੀ ਇਸ ਤ੍ਰਾਸਦੀ ਲਈ ਜਿੱਥੇ ਪੰਜਾਬ ਨੂੰ ਤਬਾਹ ਕਰਨ ਹਿੱਤ ਰਚੀਆਂ ਜਾਂਦੀਆਂ ਸਾਜ਼ਸ਼ਾਂ ਹਨ ਉੱਥੇ ਹੋਰ ਵੀ ਕਈ ਕਾਰਨ ਹਨ; ਜਿਵੇਂ ਦੇਸ਼ ਵਿੱਚ ਸਰਮਾਏਦਾਰ, ਅਜਾਰੇਦਾਰ, ਰਜਵਾੜੇ, ਧਨ ਕੁਬੇਰ, ਡਰੱਗਜ਼ ਦੇ ਤਸਕਰ ਅਤੇ ਵੱਡੇ ਜਰਾਇਮ ਪੇਸ਼ਾ ਲੋਕਾਂ ਦੀ ਦੇਸ਼ ਦੀ ਰਾਜਨੀਤੀ ਅਤੇ ਆਰਥਿਕਤਾ ਉੱਤੇ ਪੱਕੇ ਕਾਬਜ਼ ਰਹਿਣ ਦੀ ਸਾਜ਼ਸ਼ ਹੈ, ਜਿਸ ਰਾਹੀਂ ਗ਼ਰੀਬ ਜਨਤਾ ਨੂੰ ਧਰਮ ਦੇ ਨਾਮ ਉੱਤੇ ਵੰਡੀਆਂ ਪਾਉਣਾ, ਬੇਰੁਜ਼ਗਾਰੀ ਦੇ ਦੈਂਤ ਨੂੰ ਮਜ਼ਬੂਤ ਕਰਨਾ ਅਤੇ ਚੋਣਾਂ ਵਿੱਚ ਅਤਿ ਭ੍ਰਿਸ਼ਟ ਤਰੀਕੇ ਵਰਤ ਕੇ ਕਾਲੇ ਧਨ ਦੀ ਵਰਤੋਂ ਰਾਹੀਂ ਲੋਕਾਂ ਦਾ ਈਮਾਨ ਖ਼ਰੀਦ ਕੇ ਅਤੇ ਖੁੱਲ੍ਹੇਆਮ ਨਸ਼ੇ ਵੰਡ ਕੇ ਰਾਜ-ਸ਼ਕਤੀ ਉੱਤੇ ਕਾਬਜ਼ ਹੋਣਾ ਹੈ। ਚੋਣ ਪ੍ਰਕਿਰਿਆ ਇਤਨੀ ਮਹਿੰਗੀ ਕਰ ਦਿੱਤੀ ਗਈ ਹੈ ਕਿ ਕੋਈ ਗ਼ਰੀਬ ਆਦਮੀ ਚੋਣਾਂ ਲੜਨ ਲਈ ਹੌਂਸਲਾ ਹੀ ਨਹੀਂ ਕਰ ਸਕਦਾ । ਜਿਹੜੇ ਗ਼ਰੀਬ ਲੜਦੇ ਵੀ ਹਨ ਉਹ ਆਪਣੇ ਆਕਾਵਾਂ ਦੇ ਗ਼ੁਲਾਮ ਹੀ ਹੋ ਕੇ ਰਹਿ ਜਾਂਦੇ ਹਨ । ਚੋਣਾਂ ਨਸ਼ੇੜੀ ਜ਼ਿੰਦਗੀ ਦਾ ਮੁੱਢ ਬੰਨ੍ਹਦੀਆਂ ਹਨ ।

ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਹੈਰੋਇਨ, ਕੋਕੀਨ, ਸਮੈਕ, ਭੁਕੀ ਆਦਿ ਮਾਰੂ ਨਸ਼ੇ ਪੰਜਾਬ ਵਿੱਚ ਕਿਧਰੇ ਪੈਦਾ ਨਹੀਂ ਹੁੰਦੇ, ਨਾ ਹੀ ਪੰਜਾਬ ਵਿੱਚ ਇਹਨਾਂ ਦੀ ਕਿਧਰੇ ਕੋਈ ਫੈਕਟਰੀ ਹੀ ਲੱਗੀ ਹੋਈ ਹੈ । ਇਹਨਾਂ ਨਸ਼ਿਆਂ ਦੀ ਤਸਕਰੀ ਸਰਹੱਦ ਪਾਰੋਂ ਹੁੰਦੀ ਹੈ, ਜਿੱਥੇ ਦੋਵੇਂ ਪਾਸੇ

ਫੌਜਾਂ ਤਾਇਨਾਤ ਹਨ ਅਤੇ ਮੁਕੰਮਲ ਚੌਕਸੀ ਰੱਖੀ ਜਾ ਰਹੀ ਹੈ । ਕੀ ਸਰਕਾਰੀ ਸਾਜ਼ਸ਼ ਅਧੀਨ ਤੇ ਮਿਲੀਭੁਗਤ ਨਾਲ ਨਹੀਂ ਹੋ ਰਿਹਾ ਹੈ ਇਹ ਸਭ ਕੁਝ? ਕਿਸ ਤਰ੍ਹਾਂ ਹੋ ਰਿਹੈ ? ਕੀ ਇਹਨਾਂ ਤਸਕਰਾਂ ਦੀ ਪੁਸਤਪਨਾਹੀ (Support) ਨਿੱਜੀ ਆਰਥਿਕ ਲਾਭਾਂ ਹਿੱਤ ਰਾਜਨੀਤਕ ਅਤੇ ਪ੍ਰਸ਼ਾਸਨਿਕ ਲੋਕ ਤਾਂ ਨਹੀਂ ਕਰ ਰਹੇ ?

ਦੂਸਰਾ ਵੱਡਾ ਕਾਰਨ ਨਿੱਤ ਵਧ ਰਹੀ ਬੇਰੁਜ਼ਗਾਰੀ । ਪੜ੍ਹੇ ਅਨਪੜ੍ਹੇ ਬੇਰੁਜ਼ਗਾਰੀ ਅਤੇ ਮਾਯੂਸੀ ਕਾਰਨ ਨਸ਼ਿਆਂ ਦਾ ਸ਼ਿਕਾਰ ਹੋ ਰਹੇ ਹਨ। ਤੀਸਰਾ ਪੱਛਮੀ ਸੱਭਿਅਤਾ ਦਾ ਵਧ ਰਿਹਾ ਪ੍ਰਭਾਵ ਜਿਸਨੇ ਸਾਡੇ ਸਦਾਚਾਰ, ਸਭਿਆਚਾਰ ਅਤੇ ਸੰਜਮੀ ਜੀਵਨ ਨੂੰ ਕਰਾਰੀ ਸੱਟ ਮਾਰੀ ਹੈ। ਚੌਥਾ ਕਾਰਨ ਅਖ਼ਬਾਰਾਂ, ਟੈਲੀਵਿਜ਼ਨ ਅਤੇ ਆਧੁਨਿਕ ਸੰਚਾਰ ਸਾਧਨਾਂ ਰਾਹੀਂ ਫੈਲਾਏ ਜਾ ਰਹੇ ਨੰਗੇਜ਼ ਅਤੇ ਅਸ਼ਲੀਲਤਾ ਨੇ ਅੱਲ੍ਹੜ ਨੌਜੁਆਨ ਪੀੜ੍ਹੀ ਅੰਦਰ ਕਾਮ-ਚੇਸ਼ਟਾਵਾਂ ਵਿੱਚ ਚੋਖਾ ਵਾਧਾ ਕਰ ਦਿੱਤਾ ਹੈ । ਆਮ ਕਰਕੇ ਨੌਜਵਾਨ ਲੜਕੇ ਲੜਕੀਆਂ ਆਪਣੀ ਕਾਮ-ਸ਼ਕਤੀ ਨੂੰ ਵਧਾਉਣ ਹਿੱਤ ਨਸ਼ਿਆਂ ਦਾ ਸਹਾਰਾ ਲੈ ਰਹੇ ਹਨ ਭਾਵ ਜੀਵਨ ਵਿੱਚ ਆਏ ਖੁੱਲ੍ਹੇਪਨ ਅਤੇ ਵਧ ਰਹੇ ਵਿਸ਼ੇ-ਵਿਕਾਰਾਂ ਕਾਰਨ ਹੀ ਨੌਜਵਾਨ ਪੀੜ੍ਹੀ ਦੇ ਲੜਕੇ ਅਤੇ ਲੜਕੀਆਂ ਦੋਵੇਂ ਨਸ਼ਿਆਂ ਦਾ ਸਹਾਰਾ ਲੈ ਰਹੇ ਹਨ । ਸਿਹਤ ਵਿਭਾਗ ਦੀ ਮਿਲੀਭੁਗਤ ਕਾਰਨ ਪਿੰਡਾਂ-ਸ਼ਹਿਰਾਂ ਵਿੱਚ ਕੰਧਾਂ ਉੱਤੇ ਮੋਟੇ-ਮੋਟੇ ਅੱਖਰਾਂ ਵਿੱਚ ਕਾਮ-ਸ਼ਕਤੀ ਵਧਾਉਣ ਸੰਬੰਧੀ ਖੁੱਲ੍ਹੀਆਂ ਅਨੇਕਾਂ ਦੁਕਾਨਾਂ ਵੱਲੋਂ ਇਸ਼ਤਿਹਾਰ ਛਪਾਏ ਜਾ ਰਹੇ ਹਨ । ਇਹ ਨੀਮ ਹਕੀਮ ਕੇਵਲ ਅਤੇ ਕੇਵਲ ਨਸ਼ਿਆਂ ਦੀਆਂ ਗ਼ਲਤ ਦਵਾਈਆਂ ਨਾਲ ਨੌਜੁਆਨੀ ਦਾ ਘਾਣ ਕਰ ਰਹੇ ਹਨ । ਪਰ ਸਰਕਾਰ ਖ਼ਾਮੋਸ਼ ਹੈ । ਪੰਜਵਾਂ ਕਾਰਨ ਜ਼ਮੀਨ ਦੀ ਵੰਡ ਦਰ ਵੰਡ ਅਤੇ ਖੇਤੀ ਦਾ ਆਧੁਨਿਕੀਕਰਣ, ਜਿਸ ਕਾਰਨ ਵਧੇਰੇ ਕਰਕੇ ਪੇਂਡੂ ਗੱਭਰੂ ਤਕਰੀਬਨ ਬੇਜ਼ਮੀਨਾ ਅਤੇ ਬੇਰੁਜ਼ਗਾਰ ਹੋ ਗਿਐ ਅਤੇ ਉਹ ਵਿਹਲਾ ਨਸ਼ਿਆਂ ਦਾ ਸ਼ਿਕਾਰ ਹੋ ਰਿਹੈ । ਛੇਵਾਂ ਕਾਰਨ ਭ੍ਰਿਸ਼ਟ ਤਰੀਕਿਆਂ ਨਾਲ ਕਮਾਈ ਵਾਲੇ ਪਰਿਵਾਰਾਂ ਦੇ ਬੱਚੇ ਐਸ਼-ਪ੍ਰਸਤੀ ਲਈ ਨਸ਼ਿਆਂ ਦਾ ਵਧੇਰੇ ਸੇਵਨ ਕਰ ਰਹੇ ਹਨ । ਸੱਤਵਾਂ ਕਾਰਨ ਬਹੁਤੇ ਮਾਪਿਆਂ ਦੇ ਜੀਵਨ ਵਿੱਚ ਪਦਾਰਥਕ ਸੋਚ ਅਤੇ ਬਦਲ ਰਹੀਆਂ ਸਦਾਚਾਰਕ ਕਦਰਾਂ-ਕੀਮਤਾਂ ਵਿੱਚ ਆਈ ਤਬਦੀਲੀ। ਉਹਨਾਂ ਦੇ ਨਿੱਜੀ ਜੀਵਨ ਵਿੱਚ ਆਏ ਨੈਤਿਕ ਨਿਘਾਰ



ਕਾਰਨ ਉਹ ਆਪਣੇ ਬੱਚਿਆਂ ਦੇ ਸਾਹਮਣੇ ਇਖਲਾਕੀ ਤੌਰ ਉੱਤੇ ਕਮਜ਼ੋਰ ਮਹਿਸੂਸ ਕਰਦੇ ਹਨ, ਜਿਸ ਕਾਰਨ ਮਾਪਿਆਂ ਦਾ ਨੈਤਿਕ ਪ੍ਰਭਾਵ ਬੱਚਿਆਂ ਉੱਤੋਂ ਘਟ ਰਿਹਾ ਹੈ। ਅਨੇਕਾਂ ਮਾਪੇ ਆਪਣੇ ਬੱਚਿਆਂ ਸਾਹਮਣੇ ਨੇਕ-ਮਿਸਾਲੀ ਜੀਵਨ ਦਾ "ਰੋਲ-ਮਾਡਲ" ਨਹੀਂ ਬਣ ਪਾ ਰਹੇ । ਇਸ ਦੇ ਨਾਲ ਹੀ ਇਕ ਪੁੱਤਰ ਤੀਕ ਪਰਿਵਾਰ ਨੂੰ ਸੀਮਿਤ ਕਰਨ ਕਾਰਨ ਵੀ ਮਾਪਿਆਂ ਦਾ ਬੱਚਿਆਂ ਉੱਤੇ ਕੰਟਰੋਲ ਤਕਰੀਬਨ ਖ਼ਤਮ ਹੀ ਹੋ ਗਿਐ । ਅੱਠਵਾਂ ਕਾਰਨ ਅਧਿਆਪਕ ਵਰਗ ਦਾ ਆਪਣੇ ਮਹਾਨ ਵਿਰਸੇ, ਅਧਿਆਤਮਿਕ ਸਿਧਾਂਤ ਤੋਂ ਟੁੱਟ ਕੇ ਪਦਾਰਥਵਾਦੀ ਵਿਚਾਰਧਾਰਾ ਦੇ ਹਾਮੀ ਹੋਣ ਕਾਰਨ ਅਤੇ ਆਪਣਾ ਬਤੌਰ ਰਾਸ਼ਟਰ ਨਿਰਮਾਤਾ ਅਤੇ ਸਮਾਜਿਕ ਪੱਥ ਪਰਦਰਸ਼ਕ ਦੇ ਰੋਲ ਤੋਂ ਕਿਨਾਰਾ ਕਸੀ ਕਰਨ ਕਾਰਨ ਆਏ ਨੈਤਿਕ ਕਦਰਾਂ-ਕੀਮਤਾਂ ਦੇ ਨਿਘਾਰ ਕਾਰਨ ਵਿਦਿਆਰਥੀ ਵਰਗ ਨੂੰ ਸਹੀ ਸੇਧ ਨਹੀਂ ਮਿਲ ਰਹੀ । ਆਮ ਕਰਕੇ ਧਾਰਮਿਕ ਖੇਤਰ ਵਿੱਚ ਕਾਰਜਸ਼ੀਲ ਲੋਕ ਆਪਣਾ ਧਾਰਮਿਕਤਾ ਵਾਲਾ ਰੂਹਾਨੀ ਅਤੇ ਨੂਰਾਨੀ ਚਿਹਰਾ ਸਮਾਜ ਸਾਹਮਣੇ ਰੱਖਣੋਂ ਅਸਮਰਥ ਹਨ। ਉਹਨਾਂ ਦਾ ਆਪਣਾ ਜੀਵਨ ਬੌਣਾ ਅਤੇ ਬਣਾਵਟੀ ਹੈ। ਉਹ ਤਾਂ

**"ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥"** (ਅੰਗ ੪੮੮)

ਵਾਲਾ ਜੀਵਨ ਬਤੀਤ ਕਰ ਰਹੇ ਹਨ । ਬਸ ਧਨ ਇਕੱਤਰ ਕਰਨ ਦੀ ਦੌੜ ਅਤੇ ਹੋੜ ਵਿੱਚ ਹੀ ਗਲਤਾਨ ਹੋ ਰਹੇ ਹਨ । ਲਿਹਾਜ਼ਾ ਉਹਨਾਂ ਦਾ ਜੀਵਨ

**"ਅਵਰ ਉਪਦੇਸੈ ਆਪਿ ਨ ਕਰੈ॥ ਆਵਤ ਜਾਵਤ ਜਨਮੈ ਮਰੈ॥"**

(ਅੰਗ: ੨੬੯)

ਵਾਲਾ ਹੀ ਹੈ। ਉਹ ਵਿਰਸੇ ਨਾਲੋਂ ਟੁੱਟ ਗਏ, ਭਵਿੱਖ ਧੁੰਦਲਾ ਹੈ ਅਤੇ ਵਰਤਮਾਨ ਵਿੱਚ ਉਹ ਜਿਊ ਨਹੀਂ ਰਹੇ । ਬਸ ਨਿਰਾਸਤਾ ਹੀ ਪੱਲੇ ਪੈ ਰਹੀ ਹੈ। ਨਿਰਾਸਤਾ ਕਾਰਨ ਕਈ ਤਰ੍ਹਾਂ ਦੇ ਨਸ਼ਿਆਂ ਦਾ ਸਹਾਰਾ ਲਿਆ ਜਾ ਰਿਹੈ । ਨੌਵਾਂ ਕਾਰਨ ਰਾਤੋ-ਰਾਤ ਅਮੀਰ ਹੋਣ ਦੀ ਵਧ ਰਹੀ ਰੁਚੀ ਕਾਰਨ ਤਸਕਰੀ ਦੇ ਧੰਦੇ ਵਿੱਚ ਲੱਗੀਆਂ ਦੇਸ਼-ਧ੍ਰੋਹੀ ਸ਼ਕਤੀਆਂ ਵੀ ਨਸ਼ਿਆਂ ਦੇ ਫੈਲਾਉਣ ਲਈ ਬਹੁਤ ਸਰਗਰਮ ਹਨ । ਹਰ ਰੋਜ਼ ਸਵੇਰੇ ਪਿੰਡਾਂ ਵਿੱਚ ਕਾਰਾਂ ਘੁੰਮਦੀਆਂ ਆਮ ਦੇਖੀਆਂ ਜਾ ਸਕਦੀਆਂ ਹਨ ਜਿਨ੍ਹਾਂ ਰਾਹੀਂ ਨਸ਼ੇ ਵੰਡੇ ਅਤੇ ਵੇਚੇ ਜਾਂਦੇ ਹਨ । ਪ੍ਰੰਤੂ ਸਵਾਲ ਉੱਠਦਾ ਹੈ ਕਿ

ਨਸ਼ਿਆਂ ਦੀ ਤਸਕਰੀ ਅਤੇ ਵੇਚ ਵੰਡ ਕਾਨੂੰਨਨ ਵਿਵਰਜਿਤ ਹੈ, ਫਿਰ ਪ੍ਰਸ਼ਾਸਨ ਕਿਉਂ ਖ਼ਾਮੋਸ਼ ਹੈ। ਕੀ ਇਹ ਅਵੇਸਲਾਪਨ ਹੈ ਜਾਂ ਮਿਲੀਭੁਗਤ? ਕਿਸੇ ਵੀ ਦੇਸ਼ ਦੀ ਤਰੱਕੀ ਰਾਜਨੀਤਕ ਲੀਡਰਸ਼ਿਪ, ਪ੍ਰਸ਼ਾਸਨ ਅਤੇ ਜਨਤਾ ਤਿੰਨਾਂ ਉੱਤੇ ਨਿਰਭਰ ਕਰਦੀ ਹੈ । ਰਾਜਨੀਤਕ ਪਾਰਟੀਆਂ ਲੋਕ ਭਲਾਈ ਦੇ ਕੰਮਾਂ ਨਾਲੋਂ ਰਾਜ-ਸ਼ਕਤੀ ਉੱਤੇ ਕਾਬਜ਼ ਰਹਿਣ ਲਈ ਜ਼ਿਆਦਾ ਫਿਕਰਮੰਦ ਹਨ। ਪ੍ਰਸ਼ਾਸਨ ਨੂੰ ਉਨ੍ਹਾਂ ਨੇ ਨਾਲ ਮਿਲਾ ਲਿਆ ਹੈ ਅਤੇ ਜਨਤਾ ਨੂੰ ਆਪਣੇ ਉੱਤੇ ਨਿਰਭਰ ਕਰ ਲਿਐ ਅਤੇ ਉਹ ਤਸਕਰ, ਧਨ-ਕੁਬੇਰ ਅਤੇ ਜਰਾਇਮ ਪੇਸ਼ਾ ਲੋਕਾਂ ਦਾ ਓਟ ਆਸਰਾ ਬਣ ਗਏ ਹਨ ।

ਬਾਬਰ ਦੇ ਹਮਲੇ ਸਮੇਂ ਲੋਧੀ ਖ਼ਾਨਦਾਨ ਦੇ ਰਾਜ ਵਿੱਚ ਦੇਸ਼ ਦੀ ਅਧੋਗਤੀ ਵਾਲੀ ਹਾਲਤ ਸੀ । ਗੁਰੂ ਨਾਨਕ ਦੇਵ ਜੀ ਨੇ ਦੇਸ਼ ਦੀ ਜਨਤਾ ਨੂੰ ਅਧਿਆਤਮਿਕ ਅਤੇ ਸਰੀਰਕ ਤੌਰ ਉੱਤੇ ਮਜ਼ਬੂਤ ਕਰਨ ਹਿੱਤ ਮੁਕੰਮਲ ਕ੍ਰਾਂਤੀ ਦੀ ਲਹਿਰ ਅਰੰਭ ਕੀਤੀ। ਜਿੱਥੇ ਲੋਕਾਂ ਨੂੰ ਆਤਮ-ਗਿਆਨ ਵੰਡਿਆ ਉੱਥੇ ਮਲ ਅਖਾੜੇ ਅਰੰਭ ਕਰਵਾ ਕੇ ਗੱਭਰੂਆਂ ਨੂੰ ਸਰੀਰਕ ਤੌਰ ਉੱਤੇ ਬਲਧਾਰੀ ਕਰਨ ਹਿੱਤ ਵੀ ਹੰਭਲਾ ਮਾਰਿਆ । ਗੁਰੂ ਕਾ ਲੰਗਰ ਚਲਾ ਕੇ ਸ਼ਾਕਾਹਾਰੀ ਅਤੇ ਸ਼ੁੱਧ ਪੌਸ਼ਟਿਕ ਖਾਣਾ ਖਾ ਕੇ ਸਿਹਤ ਨੂੰ ਤੰਦਰੁਸਤ ਰੱਖਣ ਲਈ ਇਕ ਮਿਸਾਲ ਪੈਦਾ ਕੀਤੀ ਸੀ । ਗੁਰੂ ਸਾਹਿਬਾਨ ਨੇ ਨਸ਼ਿਆਂ ਦੀ ਸਖ਼ਤ ਮਨਾਹੀ ਕੀਤੀ ਅਤੇ ਮਨੁੱਖ ਨੂੰ ਸਦਾਚਾਰਕ ਨੈਤਿਕ ਜੀਵਨ ਜਿਊਣ ਦਾ ਉਪਦੇਸ਼ ਦਿੱਤਾ । ਆਪਨੇ ਫ਼ਰਮਾਇਆ :

**ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥**
**ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥**(ਅੰਗ ੫੨੨)

ਤਥਾ

**ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ ॥**
**ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ ॥** (ਅੰਗ ੫੫੪)

ਨਸ਼ਿਆਂ ਅਤੇ ਵਿਸ਼ਿਆਂ-ਵਿਕਾਰਾਂ ਰਾਹੀਂ ਤਬਾਹ ਕੀਤੇ ਜਾ ਰਹੇ ਸਰੀਰ (ਕਾਇਆ) ਦੀ ਮਹੱਤਤਾ ਨੂੰ ਗੁਰੂ ਸਾਹਿਬਾਨ ਨੇ ਇਉਂ ਦ੍ਰਿੜ੍ਹ ਕਰਵਾਇਆ :-



**ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ॥**
(ਅੰਗ ੧੩੪੬)

ਤਥਾ

**ਕਾਇਆ ਮਹਲੁ ਮੰਦਰੁ ਘਰੁ ਹਰਿ ਕਾ ਤਿਸੁ ਮਹਿ ਰਾਖੀ ਜੋਤਿ ਅਪਾਰ॥**
(ਅੰਗ ੧੨੫੬)

**ਇਹੁ ਸਰੀਰੁ ਕਰਮ ਕੀ ਧਰਤੀ ਗੁਰਮੁਖਿ ਮਥਿ ਮਥਿ ਤਤੁ ਕਢਈਆ ॥**
(ਅੰਗ ੮੩੪)

ਵਿਸ਼ੇ-ਵਿਕਾਰਾਂ ਦੇ ਘਾਤਕ ਅਤੇ ਮਾਰੂ ਨਤੀਜਿਆਂ ਤੋਂ ਸੁਚੇਤ ਕਰਕੇ ਇਹਨਾਂ ਤੋਂ ਵਿਵਰਜਿਤ ਕਰਦਿਆਂ ਸਤਿਗੁਰਾਂ ਨੇ ਫ਼ਰਮਾਇਆ ਹੈ:

**ਖਸਮੁ ਵਿਸਾਰਿ ਕੀਏ ਰਸ ਭੋਗ ॥ ਤਾਂ ਤਨਿ ਉਠਿ ਖਲੋਏ ਰੋਗ ॥**
(ਅੰਗ ੧੨੫੬)

ਤਥਾ

**ਖਸਮੁ ਵਿਸਾਰਿ ਖੁਆਰੀ ਕੀਨੀ ਧ੍ਰਿਗੁ ਜੀਵਣੁ ਨਹੀ ਰਹਣਾ ॥**
(ਅੰਗ ੧੨੫੪)

ਸਤਿਗੁਰਾਂ ਨੇ ਤਾਂ ਅਮਲ ਪਰਸ਼ਾਦੇ ਦਾ ਹੀ ਪ੍ਰਵਾਨ ਕੀਤਾ ਹੈ ।

ਪੰਜਾਬੀਓ ! ਜੇ ਬਚਣਾ ਹੈ ਤਾਂ ਆਓ ਡੂੰਘੀ ਸਾਜ਼ਸ਼ ਨੂੰ ਸਮਝੀਏ। ਨੌਜੁਆਨ ਪੀੜ੍ਹੀ ਨੂੰ ਆਪਣੇ ਮਹਾਨ ਵਿਰਸੇ ਬਾਰੇ ਜਾਣੂ ਕਰਾਈਏ, ਪ੍ਰੋ: ਪੂਰਨ ਸਿੰਘ ਵਾਂਗੂ ਪੁਰਾਣੇ ਪੰਜਾਬ ਨੂੰ ਮੁੜ ਆਉਣ ਲਈ ਅਵਾਜ਼ ਮਾਰੀਏ। ਪ੍ਰੋ: ਪੂਰਨ ਸਿੰਘ ਨੇ ਆਪਣੇ ਜਜ਼ਬਾਤ ਦਾ ਪ੍ਰਗਟਾਵਾ ਇਉਂ ਕੀਤਾ ਹੈ :-

**ਆ ਪੰਜਾਬ-ਪਿਆਰ ਤੂੰ ਮੁੜ ਆ। ਆ ਸਿੱਖ ਪੰਜਾਬ ਤੂੰ ਘਰ ਆ ।**
**ਤੇਰੇ ਤੂਤ ਦਿੱਸਣ ਮੁੜ ਸਾਵੇ ਮੁੜ ਆਵਣ ਬੂਟਿਆਂ ਨਾਲ ਤੇਰੀਆਂ ਦੋਸਤੀਆਂ।**
**ਤੇਰੇ ਪਿੱਪਲਾਂ ਹੇਠ ਹੋਣ ਮੁੜ ਮੇਲੇ ।**

ਉਹ ਪੰਜਾਬ ਜੋ ਨੱਚਦਾ, ਗਾਉਂਦਾ, ਗੁਰਾਂ ਦੀ ਬਾਣੀ ਪੜ੍ਹਦੇ ਸਦਾਚਾਰੀ ਜੀਵਨ ਜਿਊਣ ਉੱਤੇ ਮਾਣ ਮਹਿਸੂਸ ਕਰਦਾ ਸੀ। ਸਤਿਗੁਰਾਂ ਦਾ ਮਹਾਨ ਉਪਦੇਸ਼, ਇਕ ਮੁਕੰਮਲ ਕ੍ਰਾਂਤੀ ਦਾ ਉਪਦੇਸ਼ ਘਰ-ਘਰ ਪਹੁੰਚਾਈਏ ਜੋ ਉਪਦੇਸ਼ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਜੀ ਦੀ

ਸਿਰਜਣਾ ਸਮੇਂ ਖ਼ਾਲਸਾ ਪੰਥ ਨੂੰ ਦਿੱਤਾ । ਉਸੇ ਮਹਾਨ ਕ੍ਰਾਂਤੀਕਾਰੀ ਅਤੇ ਕਲਿਆਣਕਾਰੀ ਉਪਦੇਸ਼ ਦਾ ਹੀ ਨਤੀਜਾ ਸੀ ਕਿ ਚਿੜੀਆਂ ਤੋਂ ਬਾਜ ਤੁੜਵਾ ਦਿੱਤੇ । ਵਿਦੇਸ਼ੀ ਹਮਲਵਰਾਂ ਨੂੰ ਨੱਕੀਂ ਚਣੇ ਚਬਾ ਦਿੱਤੇ । 1699 ਈ. ਵਿੱਚ ਸਿਰਜੇ ਖ਼ਾਲਸੇ ਨੇ 1710 ਈਸਵੀ ਵਿੱਚ ਤਕਰੀਬਨ ਅੱਧਾ ਉੱਤਰੀ ਭਾਰਤ ਜਰਵਾਣਿਆਂ ਪਾਸੋਂ ਜਿੱਤ ਕੇ 12 ਮਈ,1710 ਨੂੰ ਸਿੱਖ ਕੌਮ ਦੇ ਬੇਜੋੜ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹੰਦ ਦੀ ਧਰਤੀ ਉੱਤੇ ਪਹਿਲੇ ਖ਼ਾਲਸਾ ਰਾਜ ਦੀ ਸਥਾਪਨਾ ਕਰ ਦਿੱਤੀ ਜੋ ਦਸੰਬਰ ੧੭੧੫ ਤੀਕ ਕਾਇਮ ਰਿਹਾ । ਬੰਦਾ ਸਿੰਘ ਬਹਾਦਰ ਨੇ ਜਮਨਾ ਦੇ ਕਿਨਾਰੇ ਤੋਂ ਰਾਵੀ ਦੇ ਕੰਢਿਆਂ ਤੀਕ ਦਾ ਵਿਸ਼ਾਲ ਇਲਾਕਾ ਮੁਗ਼ਲਾਂ ਪਾਸੋਂ ਜਿੱਤ ਕੇ ਦੁਨੀਆਂ ਦੇ ਇਤਿਹਾਸ ਵਿੱਚ ਇਕ ਨਵੇਕਲਾ ਪੰਨਾ ਸ਼ਾਮਲ ਕਰ ਦਿੱਤਾ। ਬਾਬਾ ਜੀ ਦੀ 9 ਜੂਨ 1716 ਈ. ਨੂੰ ਸ਼ਹੀਦੀ ਉਪਰੰਤ ਅਣਗਿਣਤ ਸ਼ਹੀਦੀਆਂ, ਸੰਘਰਸ਼ਾਂ ਅਤੇ ਢੇਰ ਕਠਿਨਾਈਆਂ ਦੇ ਦੌਰ ਵਿੱਚੋਂ ਗੁਜ਼ਰਦਿਆਂ 1799 ਈ. ਵਿੱਚ ਇਕ ਵਿਸ਼ਾਲ ਖ਼ਾਲਸਾ ਰਾਜ ਦੀ ਸਥਾਪਨਾ ਕੀਤੀ ਸ਼ੇਰੇ ਪੰਜਾਬ ਮਹਾਬਲੀ ਮਹਾਰਾਜਾ ਰਣਜੀਤ ਸਿੰਘ ਨੇ, ਜੋ 1849 ਈ. ਤਕ ਕਾਇਮ ਰਿਹਾ ।

ਦੁਨੀਆਂ ਦੇ ਤਕਰੀਬਨ ਸਾਰੇ ਧਰਮ ਨਸ਼ਿਆਂ ਤੋਂ ਵਿਵਰਜਿਤ ਕਰਦੇ ਹਨ, ਪ੍ਰੰਤੂ ਇਹ ਸਮੇਂ ਦੀ ਤ੍ਰਾਸਦੀ ਹੀ ਸਮਝੋ ਕਿ ਸ਼ਾਇਦ ਹੀ ਕਿਸੇ ਧਰਮ ਦੇ ਲੋਕ ਨਸ਼ਿਆਂ ਦੀ ਬੀਮਾਰੀ ਤੋਂ ਬਚ ਸਕੇ ਹੋਣ । ਸ਼ਾਹੀ ਔਰਤਾਂ, ਅਮੀਰਜ਼ਾਦੀਆਂ ਅਤੇ ਨੱਚਣ ਗਾਉਣ ਵਾਲੀਆਂ ਇਸਤਰੀਆਂ ਵੀ ਵਿਸ਼ੇਸ਼ ਮੌਕਿਆਂ 'ਤੇ ਸ਼ਰਾਬ ਪੀਂਦੀਆਂ ਅਤੇ ਅਨੇਕਾਂ ਹੋਰ ਨਸ਼ੇ ਕਰਦੀਆਂ ਹਨ । ਸਤਿਗੁਰਾਂ ਨੇ ਖ਼ਾਲਸਾ ਪੰਥ ਲਈ ਜੋ ਮਰਿਯਾਦਾ ਨਿਯਤ ਕੀਤੀ ਉਸ ਵਿੱਚ ਨਸ਼ਿਆਂ ਦੀ ਕੋਈ ਥਾਂ ਨਹੀਂ ਹੈ, ਸਿੱਖੀ ਸਿਧਾਂਤ ਵਿੱਚ ਮਨੁੱਖੀ ਅਚਾਰ ਨੂੰ ਸੱਚ (ਪਰਮਾਤਮਾ) ਤੋਂ ਵੱਧ ਮਹੱਤਵ ਦਿੱਤਾ ਗਿਆ । ਆਪ ਨੇ ਫ਼ਰਮਾਇਆ:-

**ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥** (ਅੰਗ ੬੨)

ਵਿਦਵਾਨਾਂ ਲਈ ਵੀ ਅਚਾਰ ਅਤੇ ਵਿਹਾਰ ਵਿੱਚ ਪਰਪੱਕ ਹੋਣ ਦੀ ਸ਼ਰਤ ਲਗਾਈ । ਸਤਿਗੁਰਾਂ ਨੇ ਫ਼ਰਮਾਇਆ ਹੈ :

**ਜਗਿ ਗਿਆਨੀ ਵਿਰਲਾ ਆਚਾਰੀ ॥**
**ਜਗਿ ਪੰਡਿਤੁ ਵਿਰਲਾ ਵੀਚਾਰੀ ॥** (ਅੰਗ ੪੧੩)



ਉੱਚੇ ਆਚਾਰ ਵਾਲੇ, ਰਹਿਤ ਮਰਿਯਾਦਾ ਵਿੱਚ ਪਰਪੱਕ, ਆਤਮਿਕ ਅਤੇ ਸਰੀਰਕ ਤੌਰ ਉੱਤੇ ਬਲਵਾਨ ਖ਼ਾਲਸੇ, ਨੇ ਦੁਨੀਆਂ ਵਿੱਚ ਇਕ ਵਿਲੱਖਣ ਇਤਿਹਾਸ ਸਿਰਜਿਆ, ਭਾਵੇਂ ਉਹ ਭੰਗਾਣੀ ਸੀ, ਨਦੌਣ ਸੀ, ਅਨੰਦਪੁਰ ਦੀ ਧਰਤੀ ਸੀ, ਸਿਰਸਾ ਨਦੀ ਦਾ ਕਿਨਾਰਾ ਸੀ, ਚਮਕੌਰ ਦੀ ਗੜ੍ਹੀ ਸੀ ਜਾਂ ਫਿਰ ਖਿਦਰਾਣੇ ਦੀ ਢਾਬ (ਮੁਕਤਸਰ) ਸੀ । ਗੁਰੂ ਨਾਨਕ ਦੇਵ ਜੀ ਨੇ ਸਮੁੱਚੇ ਸੰਸਾਰ ਨੂੰ ਦੁਰਲਭ ਅਤੇ ਮਿਸਾਲੀ ਜੀਵਨ ਜਿਊਣ ਲਈ ਜੋ ਸਿਧਾਂਤ ਕਿਰਤ ਕਰਨ, ਵੰਡ ਛਕਣ ਅਤੇ ਨਾਮ ਜਪਣ ਦਾ ਦਿੱਤਾ ਉਸਨੇ ਇਕ ਨਵੀਂ ਅਤੇ ਮੁਕੰਮਲ ਕ੍ਰਾਂਤੀ ਲਿਆਂਦੀ । ਹੁਣ ਨੌਜੁਆਨਾਂ ਅੰਦਰ ਕਿਰਤ ਦੀ ਰੁਚੀ ਖ਼ਤਮ ਹੋ ਗਈ ਹੈ । ਪੱਛਮੀ ਪ੍ਰਭਾਵ ਹੇਠ ਉਹ ਨਾ ਹੰਸ ਰਹੇ ਨਾ ਬਗਲੇ। ਗੁਰਮਤਿ ਸੰਬੰਧੀ ਲਿਖੇ ਰਹਿਤਨਾਮਿਆਂ ਤੇ ਇਤਿਹਾਸਕ ਗ੍ਰੰਥਾਂ ਵਿੱਚ ਨਸ਼ਿਆਂ ਬਾਰੇ ਇਸ ਤਰ੍ਹਾਂ ਤਾਕੀਦ ਕੀਤੀ ਗਈ ਹੈ :-

**ਪਰ ਨਾਰੀ, ਜੂਆ, ਅਸਤ, ਚੋਰੀ, ਮਦਰਾ ਜਾਨ ॥**
**ਪਾਂਚ ਐਬ ਯੇ ਜਗਤ ਮੋ ਤਜੈ ਸੁ ਸਿੰਘ ਸੁਜਾਨ ॥**
(ਭਾਈ ਦੇਸਾ ਸਿੰਘ)

**ਅਧਮ ਬਾਹਨੀ ਜਾਂਹਿ ਤੇ ਜਿਹ ਪੀਵਤ ਸੁਧ ਜਾਇ ॥**
**ਹੋਤ ਭੂਪ ਸਮ ਪਸ਼ੂ ਕੇ ਸੁਗਮ ਅਗੋਂ ਤਿਹ ਘਾਇ ॥**
(ਗੁਰ ਬਿਲਾਸ ਪਾਤਸ਼ਾਹੀ ੬)

ਆਓ ਨੌਜੁਆਨੋ! ਆਪਣੇ ਵਿਰਸੇ ਨੂੰ ਯਾਦ ਕਰੀਏ ਅਤੇ ਉਸ ਵਿਲੱਖਣ ਵਿਰਸੇ ਦੇ ਸੁਯੋਗ ਅਤੇ ਸਹੀ ਵਾਰਸ ਬਣੀਏ। ਇਹ ਵਿਰਸਾ! ਜਿੱਥੇ ਖੋਪਰੀ ਲਾਹੁਣ ਵਾਲੀ ਰੰਬੀ ਸ਼ਰਮਸਾਰ ਹੋ ਗਈ, ਜਿੱਥੇ ਬੰਦ-ਬੰਦ ਕੱਟਣ ਵਾਲਾ ਜੱਲਾਦ ਬੇਹੱਦ ਹੈਰਾਨ ਅਤੇ ਪਸ਼ੇਮਾਨ ਹੋ ਗਿਆ, ਜਿੱਥੇ ਆਰੇ ਨਾਲ ਚੀਰਣ ਵਾਲਾ ਕੰਬ ਉੱਠਿਆ, ਜਿੱਥੇ ਜੰਬੂਰਾਂ ਨਾਲ ਮਾਸ ਨੋਚਣ ਵਾਲਾ ਜੱਲਾਦ ਹੈਰਤਅੰਗੇਜ਼ (Surprising) ਹੋ ਗਿਆ, ਪਿਉ-ਪੁੱਤ ਨੂੰ ਚਰਖੀ ਉੱਤੇ ਚੜ੍ਹਾਉਣ ਦਾ ਹੁਕਮ ਦੇਣ ਵਾਲਾ ਜ਼ਾਲਮ ਸੂਬੇਦਾਰ ਵੀ ਦੰਗ ਰਹਿ ਗਿਆ, ਇਹ ਕਹਾਣੀ ਹੈ ਉਨ੍ਹਾਂ ਸਿਦਕੀ, ਸਿਰੜੀ, ਸੂਰਮਿਆਂ, ਉੱਚੇ ਆਚਾਰ ਵਾਲੇ ਮਰਜੀਵੜਿਆਂ ਗੁਰੂ ਨਾਲ ਓਤਪੋਤ ਹੋਏ ਜਿਊੜਿਆਂ ਦੀ। ਕੀ ਕੋਈ ਨਸ਼ੇੜੀ ਨਿੱਕੀ ਜਿਹੀ ਕੁਰਬਾਨੀ ਦੇਣ ਲਈ ਸੋਚ ਸਕਦੈ, ਉਹ ਤਾਂ ਆਤਮ-ਘਾਤੀ ਹੋ ਸਕਦਾ ਹੈ। ਉਹ ਸਮਾਜ ਦੇ ਮੱਥੇ ਉੱਤੇ ਕਲੰਕ ਹੈ।

ਨੌਜਵਾਨੋ! ਜੀਭ ਦੇ ਸੁਆਦ, ਮਨ ਦੀ ਝੂਠੀ ਖੁਸ਼ੀ ਅਤੇ ਥੋੜ੍ਹੇ ਸਮੇਂ ਲਈ ਨਸ਼ਈ ਹੋ ਕੇ ਕਮਲਾ ਜਿਹਾ ਬਣਨ ਲਈ ਜਿਹੜੇ ਫੋਕੇ ਸੁਆਦਾਂ ਵਿੱਚ ਪੈ ਕੇ ਜੀਵਨ ਬਰਬਾਦ ਕਰ ਰਹੇ ਹੋ ਇਹ ਸੁਆਦ ਮਨੁੱਖੀ ਸਰੀਰ ਨੂੰ ਰੋਗੀ ਅਤੇ ਆਲਸੀ ਬਣਾਉਂਦੇ ਹਨ, ਜੀਵਨ ਨੂੰ ਮੁੱਢੋਂ ਹੀ ਬਰਬਾਦ ਕਰਦੇ ਹਨ । ਅਜਿਹੇ ਸੁਆਦਾਂ ਬਾਰੇ ਗੁਰੂ ਜੀ ਇਉਂ ਫ਼ਰਮਾਉਂਦੇ ਹਨ:

**"ਬਹੁ ਸਾਦਹੁ ਦੂਖੁ ਪਰਾਪਤਿ ਹੋਵੈ॥"** (ਅੰਗ ੧੦੩੪)
**"ਅਧਿਕ ਸੁਆਦ ਰੋਗ ਅਧਿਕਾਈ**
**ਬਿਨੁ ਗੁਰ ਸਹਜੁ ਨ ਪਾਇਆ॥"** (ਅੰਗ ੧੨੫੫)

ਜੇਕਰ ਦੇਸ਼ ਨੂੰ ਬਚਾਉਣਾ ਹੈ ਤਾਂ ਪੰਜਾਬ ਨੂੰ ਬਚਾਉਣਾ ਹੋਵੇਗਾ, ਨਹੀਂ ਤਾਂ ਨਾ ਰਹੇਗਾ ਬਾਂਸ ਨਾ ਵਜੇਗੀ ਬੰਸਰੀ। ਪੰਜਾਬ ਦਿਲ ਤੋਂ ਬਿਨਾਂ ਭਾਰਤ ਸਰੀਰ ਫਿਰ ਗ਼ੁਲਾਮ ਹੋ ਜਾਵੇਗਾ। ਦੇਸ਼ ਦੇ ਵਡੇਰੇ ਹਿੱਤਾਂ ਦੇ ਸਨਮੁੱਖ ਰਾਸ਼ਟਰੀ ਪਾਰਟੀਆਂ ਨੂੰ ਆਪਣੀ ਸੌੜੀ ਰਾਜਨੀਤੀ ਤਿਆਗਣੀ ਹੋਵੇਗੀ। ਪੰਜਾਬੀ ਮਾਂ-ਪਿਉ ਨੂੰ ਆਪਣੀ ਔਲਾਦ ਨੂੰ ਆਪਣੇ ਮਹਾਨ ਵਿਰਸੇ ਨਾਲ ਜੋੜਨਾ ਹੋਵੇਗਾ, ਉਹਨਾਂ ਸਾਹਮਣੇ ਆਪਣਾ ਮਿਸਾਲੀ ਜੀਵਨ "ਰੋਲ-ਮਾਡਲ" ਦੇ ਤੌਰ ਉੱਤੇ ਪੇਸ਼ ਕਰਨਾ ਹੋਵੇਗਾ। ਅਧਿਆਪਕ ਨੂੰ ਸਮਾਜ ਅੰਦਰ ਆਪਣਾ ਸਤਿਕਾਰ ਵਾਲਾ ਰੁਤਬਾ "ਗਿਆਨ ਗੁਰੂ" ਵਾਲਾ ਹਾਸਲ ਕਰਨ ਹਿੱਤ ਆਪਣੀ ਨੈਤਿਕ ਜ਼ਿੰਮੇਵਾਰੀ ਨਿਭਾਉਣੀ ਹੋਵੇਗੀ, ਧਾਰਮਿਕ ਖੇਤਰ ਵਿੱਚ ਕਾਰਜਸ਼ੀਲ ਲੋਕਾਂ ਨੂੰ ਧਾਰਮਿਕਤਾ ਨੂੰ ਸਮਝ ਕੇ ਆਪਣੇ ਫ਼ਰਜ਼ ਹਿੱਤ ਪਹਿਲਾਂ ਆਪਣਾ ਜੀਵਨ "ਕਰਨੀ ਅਤੇ ਕਥਨੀ" ਉੱਤੇ ਅਧਾਰਤ ਧਾਰਮਿਕ ਲੀਹਾਂ ਉੱਤੇ ਪਾਉਣਾ ਹੋਵੇਗਾ ਅਤੇ ਫਿਰ ਆਪਣਾ ਅਮਲੀ ਜੀਵਨ ਜਨਤਾ ਦੇ ਸਾਹਮਣੇ ਰੋਲ ਮਾਡਲ ਦੇ ਰੂਪ ਵਿੱਚ ਰੱਖ ਕੇ ਲੋਕਾਂ ਨੂੰ ਸਹੀ ਸੇਧ ਦੇਣੀ ਹੋਵੇਗੀ। ਸਭ ਤੋਂ ਵੱਡਾ ਫ਼ਰਜ਼ ਰਾਜਨੀਤਕ ਲੋਕਾਂ ਦਾ ਹੈ । ਉਹ ਪਹਿਲਾਂ ਇਹ ਜ਼ਰੂਰ ਮਹਿਸੂਸ ਕਰ ਲੈਣ ਕਿ ਜੇਕਰ ਜਨਤਾ ਹੀ ਨਹੀਂ ਹੋਵੇਗੀ ਤਾਂ ਰਾਜ ਕਿਸ ਉੱਤੇ ਕਰਨਗੇ ਜਾਂ ਫਿਰ ਜਿਨ੍ਹਾਂ ਦੇ ਨੇਤਾ ਅਖਵਾਉਂਦੇ ਹਨ ਜੇ ਉਹ ਘਟ ਗਏ, ਕਮਜ਼ੋਰ ਹੋ ਗਏ, ਫਿਰ ਬਾਹਰੋਂ ਆਇਆਂ ਨੇ ਤਾਂ ਉਹਨਾਂ ਨੂੰ ਆਪਣਾ ਨੇਤਾ ਨਹੀਂ ਮੰਨਣਾ। ਵੋਟਾਂ ਜ਼ਰੂਰ ਲੈਣ, ਰਾਜ-ਸ਼ਕਤੀ ਪ੍ਰਾਪਤ ਕਰਨ, ਪਰ ਲੋਕ ਭਲਾਈ ਦੇ ਕਾਰਜ ਅਤੇ ਦੇਸ਼ ਦਾ ਵਿਕਾਸ ਕਰਨ ਹਿੱਤ ਲੋਕਾਂ ਦੀਆਂ ਵੋਟਾਂ ਜ਼ਰੂਰ ਲੈਣ, ਪਰ ਲੈਣ ਆਪਣੇ ਸਫਲ ਪ੍ਰੋਗਰਾਮਾਂ



ਅਤੇ ਨੀਤੀਆਂ ਦਾ ਪ੍ਰਚਾਰ ਕਰਕੇ ਨਾ ਕਿ ਭ੍ਰਿਸ਼ਟ ਤਰੀਕਿਆਂ ਨਾਲ; ਜਿਵੇ: ਪੈਸੇ ਦੇ ਜ਼ੋਰ ਨਾਲ ਜਾਂ ਲੋਕਾਂ ਅੰਦਰ ਨਸ਼ਾ ਰੂਪੀ ਜ਼ਹਿਰ ਵੰਡ ਕੇ । ਨਸ਼ਿਆਂ ਦੇ ਤਸਕਰਾਂ ਨਾਲ ਰਲੀ ਹੋਈ ਪ੍ਰਸ਼ਾਸਨਕ ਟੋਲੀ ਨੂੰ ਵੀ ਇਹਨਾਂ ਅਨੈਤਿਕ ਕੰਮਾਂ ਤੋਂ ਵਰਜ ਕੇ ਪੰਜਾਬ ਨੂੰ ਮੌਤ ਦੇ ਮੂੰਹ ਵਿੱਚੋਂ ਕੱਢਣ ਲਈ ਯਤਨਸ਼ੀਲ ਹੋਣਾ ਪਵੇਗਾ, ਵਰਨਾ ਪੰਜਾਬ ਦਾ ਭਵਿੱਖ ਅਤਿ ਹਨੇਰੇ ਵਾਲਾ ਹੈ । ਜੋ ਅੱਜ ਤੀਕ ਦੁਸ਼ਮਣ ਹਮਲਿਆਂ ਰਾਹੀਂ ਨਹੀਂ ਕਰ ਸਕਿਆ ਉਹ ਨਸ਼ਿਆਂ ਦੇ ਦਰਿਆ ਚਲਾ ਕੇ ਸੌਖਿਆਂ ਹੀ ਪਰਾਪਤ ਕਰ ਲਵੇਗਾ ਅਤੇ ਸੋਹਣੇ ਪੰਜਾਬ ਦੇ ਮੱਥੇ ਉੱਤੇ ਭੂੰਡ ਬੈਠ ਜਾਵੇਗਾ । ਨਸ਼ੇੜੀ ਦੀ ਜ਼ਿੰਦਗੀ ਘਰ-ਪਰਿਵਾਰ ਅਤੇ ਸਮਾਜ ਉੱਤੇ ਕਲੰਕ ਹੈ। ਨਸ਼ੇੜੀ ਦੀ ਜ਼ਿੰਦਗੀ ਮਾਨਸਿਕ ਅਤੇ ਸਰੀਰਕ ਰੋਗਾਂ ਦੀ ਪੰਡ ਹੈ । ਨਸ਼ੇੜੀ ਜ਼ਿਹਨੀ ਅਤੇ ਸਰੀਰਕ ਤੌਰ ਉੱਤੇ ਨਸ਼ਿਆਂ ਦਾ ਗ਼ੁਲਾਮ ਹੈ । ਨਸ਼ੇੜੀ ਦੀ ਜ਼ਿੰਦਗੀ ਮੁਕੰਮਲ ਨਰਕ ਹੈ । ਇਸ ਲਈ ਨਰਕ ਨੂੰ ਤਿਆਗ ਅਤੇ ਸਵਰਗ ਨੂੰ ਮਾਣ ਨੌਜੁਆਨਾ! ਜ਼ਿੰਦਗੀ ਜਿਊਣ ਲਈ ਹੈ। ਸਤਿਗੁਰਾਂ ਨੇ ਮੁਕੰਮਲ ਧਾਰਮਿਕ, ਸਮਾਜਿਕ, ਆਰਥਿਕ ਅਤੇ ਰਾਜਨੀਤਕ ਜ਼ਿੰਦਗੀ ਜਿਊਣ ਦਾ ਉਪਦੇਸ਼ ਦਿੱਤਾ ਹੈ, ਨਿਰੋਗ ਅਤੇ ਸਾਦ ਮੁਰਾਦੀ ਜ਼ਿੰਦਗੀ। ਜ਼ਿੰਦਗੀ ਹੀ ਸਵਰਗ ਹੈ। ਜ਼ਿੰਦਗੀ ਨੂੰ ਨਸ਼ਿਆਂ ਵਿੱਚ ਰੋੜ੍ਹ ਕੇ ਨਰਕ ਨਾ ਬਣਾ। ਸਤਿਗੁਰਾਂ ਦੇ ਉਪਦੇਸ਼ ਨੂੰ ਮਨ ਵਿੱਚ ਧਾਰਨ ਕਰ ਜੀਵਨ ਜੀਓ । ਗੁਰੂਵਾਕ ਹੈ :-

**ਉਦਮੁ ਕਰਤ ਆਨਦੁ ਭਇਆ ਸਿਮਰਤ ਸੁਖ ਸਾਰੁ॥**
**ਜਪਿ ਜਪਿ ਨਾਮੁ ਗੋਬਿੰਦ ਕਾ ਪੂਰਨ ਬੀਚਾਰੁ॥**
(ਅੰਗ ੮੧੫)

ਜੀਵਨ ਬਰਬਾਦ ਨਾ ਕਰੋ । ਇਹ ਬਰਬਾਦੀ ਕਿਸੇ ਦੀ ਨਹੀਂ ਤੁਹਾਡੀ ਆਪਣੀ ਬਰਬਾਦੀ ਹੈ । ਆਪਣੀ ਬਰਬਾਦੀ ਆਪ ਕਰਨ ਵਾਲੇ ਨੂੰ ਕੌਣ ਸਿਆਣਾ ਕਹੇਗਾ ? ਜਿਹੜੀ ਚੀਜ਼ ਅਸੀਂ ਬਣਾਈ ਹੀ ਨਹੀਂ ਉਸਨੂੰ ਬਰਬਾਦ ਕਰਨ ਦਾ ਸਾਨੂੰ ਕੋਈ ਹੱਕ ਨਹੀਂ ਹੈ । ਸਰੀਰ ਅਕਾਲ ਪੁਰਖ ਦੀ ਕਲਾਮਈ ਸਿਰਜਨਾ ਹੈ । ਸਰੀਰ ਕੁਦਰਤ ਦੀ ਅਨਮੋਲ, ਅਦਭੁਤ ਅਤੇ ਵਿਲੱਖਣ ਦਾਤ ਹੈ । ਸਰੀਰ ਪਰਮਾਤਮਾ ਦਾ ਮਹੱਲ ਹੈ । ਸਰੀਰ ਮਨੁੱਖੀ ਹੋਂਦ ਦਾ ਇਕੋ-ਇਕ ਚਿੰਨ੍ਹ ਹੈ । ਸਰੀਰ ਧਰਮ ਹੈ, ਸਰੀਰ ਕਰਮ ਦੀ ਧਰਤੀ ਹੈ, ਸਰੀਰ ਅੰਦਰ ਨਾਮ ਰੂਪੀ ਅੰਮ੍ਰਿਤ ਦਾ ਭੰਡਾਰ ਹੈ, ਸਰੀਰ ਅੰਦਰ

ਤ੍ਰਿਵੈਣੀ ਹੈ, ਸਰੀਰ ਅੰਦਰ ਸੰਗਮ ਹੈ । ਸਰੀਰ ਅੰਦਰ ਬ੍ਰਹਮਾ, ਵਿਸ਼ਨੂੰ, ਮਹੇਸ ਦੇ ਸਦਗੁਣ ਮੌਜੂਦ ਹਨ । ਸਰੀਰ ਕਰਕੇ ਹੀ ਮਾਨਵੀ ਸਮਾਜ-ਸੰਸਾਰ ਹੈ, ਸਰੀਰ ਕਰਕੇ ਮਾਨਵ "Crown and Glory of the world" ਅਸ਼ਰਫੇ-ਮਖਲੂਕਾਤ ਹੈ, ਸੰਸਾਰ ਦਾ ਸਿਰਦਾਰ ਅਤੇ ਸਿਕਦਾਰ ਹੈ । ਅਫ਼ਸੋਸ ਕਿ ਧਰਤੀ ਉੱਤੇ ਬੁੱਧੀ ਦਾ ਮਾਲਕ ਅਤੇ ਸਾਰੀਆਂ ਜੂਨਾਂ ਵਿੱਚੋਂ ਉੱਤਮ, ਸਿਰਮੌਰ ਅਤੇ ਅਦੁੱਤੀ ਜੂਨੀ ਵਾਲਾ ਮਨੁੱਖ ਹੀ ਆਪਣੇ ਆਪ ਨੂੰ ਵਿਸ਼ਿਆਂ-ਵਿਕਾਰਾਂ ਅਤੇ ਨਸ਼ਿਆਂ ਰਾਹੀਂ ਬਰਬਾਦ ਕਰ ਰਿਹਾ ਹੈ। ਸਤਿਗੁਰਾਂ ਦਾ ਉਪਦੇਸ਼ ਤਾਂ ਇਉਂ ਸੀ :-

**ਇਸ ਦੇਹੀ ਕਉ ਸਿਮਰਹਿ ਦੇਵ ॥ ਸੋ ਦੇਹੀ ਭਜੁ ਹਰਿ ਕੀ ਸੇਵ ॥**
(ਅੰਗ ੧੧੫੯)

**ਅਵਰ ਜੋਨਿ ਤੇਰੀ ਪਨਿਹਾਰੀ ॥**
**ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥** (ਅੰਗ ੩੭੪)

ਆਓ , ਨੌਜੁਆਨੋ ! ਅਹਿਦ ਕਰੀਏ ਕਿ ਅਕਾਲ ਪੁਰਖ ਵੱਲੋਂ ਬਖ਼ਸ਼ੇ ਮਨੁੱਖੀ ਜਨਮ ਨੂੰ ਐਵੇਂ ਨਸ਼ਿਆਂ ਨਾਲ ਬਰਬਾਦ ਨਾ ਕਰੀਏ । ਸਗੋਂ ਸੋਹਣੇ ਸੁੰਦਰ ਸਰੀਰ ਨੂੰ ਕਿਰਤ ਕਰਨ, ਵੰਡ ਛਕਣ ਅਤੇ ਨਾਮ ਜਪਣ ਦੇ ਮਹਾਨ ਅਤੇ ਵਿਲੱਖਣ ਉਪਦੇਸ਼ ਉੱਤੇ ਅਮਲ ਕਰਦਿਆਂ ਇਸ ਨੂੰ ਅਰੋਗ ਰੱਖੀਏ ਅਤੇ ਸਤਿਗੁਰਾਂ ਦੇ ਮਹਾਨ ਕਥਨ "**ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ॥**" (ਅੰਗ ੩੦੯), ਦੇ ਰਹੱਸ ਨੂੰ ਸਮਝੀਏ। ਨਸ਼ਿਆਂ ਵਿੱਚ ਗ੍ਰਸੇ ਸਰੀਰ ਬਾਰੇ ਤਾਂ ਗੁਰੂ ਸਾਹਿਬ ਨੇ ਇਉਂ ਫ਼ਰਮਾਇਆ ਹੈ:-

**ਇਹੁ ਸਰੀਰੁ ਕੂੜਿ ਕੁਸਤਿ ਭਰਿਆ ਗਲ ਤਾਈ ਪਾਪ ਕਮਾਏ ॥**
(ਅੰਗ ੨੪੫)

ਤਥਾ

**ਇਹੁ ਸਰੀਰੁ ਮਾਇਆ ਕਾ ਪੁਤਲਾ ਵਿਚਿ ਹਉਮੈ ਦੁਸਟੀ ਪਾਈ॥**
(ਅੰਗ ੩੧)

ਵੱਡੇ ਭਾਗਾਂ ਨਾਲ ਪਰਾਪਤ ਇਸ ਸਰੀਰ ਨੂੰ ਬਰਬਾਦ ਕਰਨ ਵਾਲੇ ਨੂੰ ਸਤਿਗੁਰਾਂ ਨੇ ਆਤਮਘਾਤੀ ਕਿਹਾ ਹੈ । ਸਤਿਗੁਰਾਂ ਦਾ ਫ਼ਰਮਾਨ ਹੈ :-



"**ਦੁਲਭ ਦੇਹ ਪਾਈ ਵਡਭਾਗੀ ॥ ਨਾਮੁ ਨ ਜਪਹਿ ਤੇ ਆਤਮ ਘਾਤੀ ॥**
(ਅੰਗ ੧੮੮)

ਮਨੁੱਖ ਇੱਕੋ-ਇੱਕ ਐਸਾ ਪ੍ਰਾਣੀ ਹੈ ਜੋ ਆਪਣਾ ਜੀਵਨ ਆਪ ਬਰਬਾਦ ਕਰਦਾ ਹੈ । ਟਾਲਸਟਾਏ ਨੇ ਕਿਹਾ ਹੈ, Man is the only animal, who willfully destroys himself. **ਨਸ਼ਿਆਂ, ਵਿਸ਼ਿਆਂ ਵਿਕਾਰਾਂ ਵਿੱਚ ਮਨੁੱਖੀ ਸਿਹਤ ਨੂੰ ਤਬਾਹ ਕਰਨਾ ਇਕ ਮਹਾਂਪਾਪ ਹੈ । ਕਾਨੂੰਨ-ਏ-ਕੁਦਰਤ ਦੇ ਵਿਰੁੱਧ ਵਰਤਾਰਾ ਹੈ । ਇਹ ਮਨੁੱਖਾ ਦੇਹ ਨੂੰ ਮਨੁੱਖ ਨੇ ਆਪ ਨਹੀਂ ਘੜਿਆ, ਫਿਰ ਮਨੁੱਖ ਨੂੰ ਕੀ ਹੱਕ ਹੈ ਕਿ ਉਹ ਉਸਨੂੰ ਬਰਬਾਦ ਕਰੇ? ਜਿਹੜੀ ਚੀਜ਼ ਤੁਸੀਂ ਨਾ ਬਣਾਈ ਹੈ ਨਾ ਹੀ ਬਣਾਉਣ ਦੀ ਸਮਰੱਥਾ ਰੱਖਦੇ ਹੋ ਉਸਨੂੰ ਤਬਾਹ ਕਰਨ ਦਾ ਤੁਹਾਨੂੰ ਕੀ ਹੱਕ ਹੈ ? ਆਪਣੀ ਦੇਹ ਦੀ ਚੰਗੀ ਤਰ੍ਹਾਂ ਸੰਭਾਲ ਨਾ ਕਰਨਾ ਕੁਦਰਤ ਪ੍ਰਤੀ ਮਨੁੱਖੀ ਫ਼ਰਜ਼ ਵਿੱਚ ਕੋਤਾਹੀ ਹੈ ।** ਮਹਾਂਕਵੀ ਰਬਿੰਦਰ ਨਾਥ ਟੈਗੋਰ ਨੇ ਕਿਹਾ ਸੀ, "We have no right to neglect our bodies because we did not create them ourselves," ਭਾਵ ਸਾਨੂੰ ਆਪਣੇ ਸਰੀਰ ਨੂੰ ਅਣੌਗਲਿਆ ਕਰਨ ਦਾ ਕੋਈ ਹੱਕ ਨਹੀਂ ਹੈ, ਕਿਉਂਕਿ ਅਸੀਂ ਇਸ ਨੂੰ ਬਣਾਇਆ ਹੀ ਨਹੀਂ। ਇਹ ਸਰੀਰ ਤਾਂ,

"**ਜਿਨਿ ਤੂੰ ਸਾਜਿ ਸਵਾਰਿ ਸੀਗਾਰਿਆ॥**
**ਗਰਭ ਅਗਨਿ ਮਹਿ ਜਿਨਹਿ ਉਬਾਰਿਆ॥** (ਅੰਗ ੨੬੬)

ਅਨੁਸਾਰ ਅਕਾਲ ਦੀ ਬਖ਼ਸ਼ਿਸ਼ ਹੈ, ਅਨਮੋਲ ਦਾਤ ਹੈ ।

ਭਗਤ ਪੀਪਾ ਜੀ ਨੇ ਫ਼ਰਮਾਇਆ ਹੈ ਕਿ ਜੋ ਪਰਮਾਤਮਾ ਬ੍ਰਹਿਮੰਡ ਵਿੱਚ ਵੱਸਦਾ ਹੈ ਉਹ ਇਸ ਸਰੀਰ ਵਿੱਚ ਵੀ ਵਿਦਮਾਨ ਹੈ। ਫਿਰ ਜਿਸ ਮੁੱਖ ਰਾਹੀਂ ਅੰਮ੍ਰਿਤ ਲੰਘਦਾ ਹੈ ਉਸੇ ਮੂੰਹ ਰਾਹੀਂ ਨਸ਼ੇ ਕਿਉਂ ਲੰਘਣ? ਨਸ਼ਿਆਂ ਨਾਲ ਮਨੁੱਖ ਦੀ ਆਤਮਾ ਵੀ ਮਲੀਨ ਹੋ ਜਾਂਦੀ ਹੈ । ਇਸ ਲਈ ਦੇਹ ਅਤੇ ਆਤਮਾ ਦੇ ਸੰਜੋਗ ਨੂੰ ਸਮਝੀਏ, ਸਨਮਾਨੀਏ ਤਾਂ ਜੋ ਸਾਡਾ ਜੀਵਨ ਸਫਲ ਹੋ ਜਾਏ । ਭਗਤ ਪੀਪਾ ਜੀ ਨੇ ਇਉਂ ਫ਼ਰਮਾਇਆ ਹੈ :

**ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥**
**ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥** (ਅੰਗ ੬੯੫)

ਮਨੁੱਖਾ ਜਨਮ ਦੁਰਲਭ ਹੈ। ਮਨੁੱਖਾ ਜੂਨ ਵਿਸ਼ੇਸ਼ ਹੈ। ਮਨੁੱਖਾ ਜੂਨ ਸਰਬੋਤਮ ਹੈ। ਮਨੁੱਖਾ ਜੂਨ ਪੂਰਨ ਜੂਨ ਹੈ। ਇਸਨੂੰ ਨਸ਼ਿਆਂ ਦੁਆਰਾ ਬਰਬਾਦ ਨਾ ਕਰੀਏ। ਇਹ ਚੁਰਾਸੀ ਲੱਖ ਜੂਨਾਂ ਵਿੱਚ ਸਭ ਤੋਂ ਉੱਤਮ ਜੂਨ ਹੈ। ਸਤਿਗੁਰਾਂ ਦਾ ਫ਼ਰਮਾਨ ਹੈ :-.

**ਲਖ ਚਉਰਾਸੀਹ ਜੋਨਿ ਸਬਾਈ॥ ਮਾਣਸ ਕਉ ਪ੍ਰਭਿ ਦੀਈ ਵਡਿਆਈ ॥**
(ਅੰਗ ੧੦੭੫)

ਜੇਕਰ ਸਭ ਕੁਝ ਜਾਣਦੇ ਹੋਏ ਵੀ ਅਸੀਂ ਗ਼ਲਤੀ ਕਰ ਰਹੇ ਹਾਂ ਤਾਂ ਅਜਿਹੇ ਵਰਤਾਰੇ ਅਤੇ ਵਿਹਾਰ ਉੱਤੇ ਅਫ਼ਸੋਸ ਹੀ ਪਰਗਟ ਕੀਤਾ ਜਾ ਸਕਦੈ । ਅਜਿਹੇ ਵਰਤਾਰੇ ਬਾਰੇ ਅਸਚਰਜਤਾ ਪ੍ਰਗਟ ਕਰਦਿਆਂ ਗੁਰੂ ਜੀ ਨੇ ਫ਼ਰਮਾਇਆ ਹੈ :

**ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ ॥**
**ਹੋਇ ਸੁਜਾਖਾ ਨਾਨਕਾ ਸੋ ਕਿਉ ਉਝੜਿ ਪਾਇ ॥**
**ਅੰਧੇ ਏਹਿ ਨ ਆਖੀਅਨਿ ਜਿਨ੍ ਮੁਖਿ ਲੋਇਣ ਨਾਹਿ ॥**
**ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ ॥**
(ਅੰਗ ੯੫੪)

ਅਤੇ ਕਬੀਰ ਜੀ ਸਾਡੀ ਆਤਮਘਾਤੀ ਹਾਲਤ ਨੂੰ ਇਉਂ ਬਿਆਨ ਕਰਦੇ ਹਨ:

**ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ ॥**
**ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ ॥**
(ਅੰਗ ੧੩੭੬)

ਆਉ ਜੀਵਨ ਦੀ ਉੱਤਮਤਾ, ਪਵਿੱਤਰਤਾ, ਮਹਾਨਤਾ ਅਤੇ ਦੁਰਲਭਤਾ ਨੂੰ ਸਮਝੀਏ । ਸੋਨੇ ਵਰਗੇ ਸੁੰਦਰ ਸੁਡੌਲ ਸਰੀਰ ਨੂੰ ਨਸ਼ਿਆਂ, ਵਿਸ਼ਿਆਂ ਅਤੇ ਵਿਕਾਰਾਂ ਵਿੱਚ ਬਰਬਾਦ ਨਾ ਕਰੀਏ । ਜੀਵਨ ਅਨੰਦਮਈ ਬਣਾਈਏ। ਮੁੜ ਪੰਜਾਬ ਨੂੰ ਦੇਸ਼ ਦਾ ਅਤੇ ਦੁਨੀਆਂ ਦਾ ਮਹਾਨ ਬਲਵਾਨ ਅਤੇ ਸਾਨਾਮੱਤਾ ਸੂਬਾ ਬਣਾਈਏ । ਇਸੇ ਵਿੱਚ ਹੀ ਸਮੂਹ ਪੰਜਾਬੀਆਂ ਦੀ ਭਲਾਈ ਹੈ, ਦੇਸ਼ ਦੀ ਭਲਾਈ ਹੈ। ਸਰੀਰ ਕੁਦਰਤ ਦਾ ਅਨਮੋਲ ਤੋਹਫ਼ਾ ਹੈ। ਇਸਦੀ ਕਦਰ ਕਰੀਏ, ਸਤਿਗੁਰਾਂ ਵੱਲੋਂ ਬਖ਼ਸ਼ਿਸ਼ ਕੀਤੇ ਨਿਮਨ ਉਪਦੇਸ਼ ਨੂੰ ਸਮਝੀਏ । ਗੁਰੂਵਾਕ ਹੈ :-



**ਦੁਰਮਤਿ ਮਦੁ ਜੋ ਪੀਵਤੇ ਬਿਖਲੀ ਪਤਿ ਕਮਲੀ ॥**
**ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ ॥** (ਅੰਗ ੩੯੯)

ਕਬੀਰ ਜੀ ਨੇ ਫ਼ਰਮਾਇਆ—

**ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ ॥**
**ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਿਲ ਜਾਂਹਿ ॥**(ਅੰਗ ੧੩੭੭)

ਭਾਈ ਦਇਆ ਸਿੰਘ ਦੇ ਰਹਿਤਨਾਮੇ ਵਿੱਚ ਇਉਂ ਲਿਖਿਆ ਹੈ:- **"ਜੂਆ ਖੇਲੇ ਮਦ ਪੀਵੈ ਸੋ ਨਰਕ ਮੇ ਜਾਵੇ"**

ਗੁਰੂ ਪ੍ਰਤਾਪ ਸੂਰਜ ਗ੍ਰੰਥ ਵਿੱਚ ਅੰਕਤ ਹੈ ਕਿ **"ਸ਼ਰਾਬ ਸੱਤ ਕੁਲਾਂ ਦਾ ਨਾਸ ਕਰਦੀ ਹੈ, ਭੰਗ ਸਰੀਰ ਨੂੰ ਤਬਾਹ ਕਰਦੀ ਹੈ , ਜਗਤ ਜੂਠ ਤੰਬਾਕੂ ਸੌ ਕੁਲਾਂ ਦਾ ਨਾਸ ਕਰਦਾ ਹੈ ਅਤੇ ਨਿੰਦਿਆ ਚੁਗ਼ਲੀ ਅਨੇਕ ਕੁਲਾਂ ਬਰਬਾਦ ਕਰਦੀ ਹੈ"**।

**ਮਦਰਾ ਦਹਿਤਾ ਸਪਤਿ ਕੁਲ, ਭੰਗ ਦਹੈ ਤਨ ਏਕ ॥**
**ਸਤ ਕੁਲ ਦਹਿਤਾ ਜਗਤ ਝੂਠ ਨਿੰਦਾ ਕਹੈ ਅਨੇਕ ॥**
ਰੁਤ ੫ ਅੰਸੂ ੨੯)

ਨਸ਼ੇ ਸਾਰੇ ਰੋਗਾਂ ਦੀ ਜੜ੍ਹ ਹੈ। ਨਾਮ ਸਾਰੇ ਰੋਗਾਂ ਦਾ ਦਾਰੂ। ਇਲਾਜ—

**"ਸਰਬ ਰੋਗ ਕਾ ਅਉਖਦੁ ਨਾਮੁ ॥"**(ਅੰ:੨੭੪)।

ਆਓ! ਇਸ ਕੋਹੜ ਨੂੰ ਖ਼ਤਮ ਕਰਨ ਲਈ ਵੱਡੇ ਪੱਧਰ ਉੱਤੇ ਇਕ ਸਮੂਹਿਕ ਸਮਾਜ ਸੁਧਾਰਕ ਲਹਿਰ ਖੜ੍ਹੀ ਕਰੀਏ । ਇਹ ਲਹਿਰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਹੋਰ ਸਥਾਨਕ ਗੁਰਦਵਾਰਾ ਪ੍ਰਬੰਧਕ ਕਮੇਟੀਆਂ, ਸੰਤਾਂ, ਮਹਾਂਪੁਰਖਾਂ, ਸਰਕਾਰੀ ਅਤੇ ਗ਼ੈਰ-ਸਰਕਾਰੀ ਸੰਗਠਨ, ਅਧਿਆਪਕ, ਸਮਾਜ ਸੇਵੀ ਸੰਸਥਾਵਾਂ, ਵੱਖ-ਵੱਖ ਧਰਮਾਂ ਨਾਲ ਸੰਬੰਧਿਤ ਧਰਮ ਅਸਥਾਨਾਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਸ਼ਾਮਲ ਕਰਕੇ ਹੀ ਖੜ੍ਹੀ ਕੀਤੀ ਜਾ ਸਕਦੀ ਹੈ। ਆਓ ਹੰਭਲਾ ਮਾਰੀਏ, ਇਸ ਵਿੱਚ ਹੀ ਸਾਡਾ ਸਾਰਿਆਂ ਦਾ ਭਲਾ ਹੈ। "ਜਾਗੋ! ਜਾਗੋ!! ਨਸ਼ੇ ਤਿਆਗੋ!!!" "ਨਸ਼ੇ ਭਜਾਓ! ਪੰਜਾਬ ਬਚਾਓ !!" ਇਸੇ ਵਿੱਚ ਹੀ ਪੰਜਾਬ ਦਾ ਭਲਾ ਹੈ, ਦੇਸ਼ ਦਾ ਭਲਾ ਹੈ ਅਤੇ ਕੌਮ ਦਾ ਭਲਾ ਹੈ।

-o-

## ਪੰਜਾਬ 'ਚ ਵਧ ਰਹੇ ਨਸ਼ਿਆਂ ਲਈ ਜ਼ਿੰਮੇਵਾਰ ਕੌਣ ?

**—ਕੁਲਦੀਪ ਸਿੰਘ**

ਪੰਜ ਦਰਿਆਵਾਂ ਦੀ ਧਰਤੀ ਪੰਜਾਬ ਜਿੱਥੇ ਗੁਰੂਆਂ, ਪੀਰਾਂ, ਫ਼ਕੀਰਾਂ ਨੇ ਜਨਮ ਲਿਆ । ਪੰਜਾਬੀ ਸਾਰੀ ਦੁਨੀਆਂ ਵਿੱਚ ਆਪਣੀ ਸਖ਼ਤ ਮਿਹਨਤ ਤੇ ਆਪਣੀਆਂ ਸਿਹਤਾਂ ਵਾਸਤੇ ਮਸ਼ਹੂਰ ਸਨ, ਹੁਣ ਪੰਜਾਬ ਪਹਿਲਾਂ ਵਾਲਾ ਨਹੀਂ ਰਿਹਾ । ਪੰਜ ਦਰਿਆਵਾਂ ਦੀ ਧਰਤੀ 'ਤੇ ਇਸ ਵੇਲੇ ਛੇਵਾਂ ਦਰਿਆ ਨਸ਼ਿਆਂ ਦਾ ਵਹਿ ਤੁਰਿਐ ਤੇ ਹੁਣ ਪੰਜਾਬ ਦੀ ਨੌਜਵਾਨ ਪੀੜ੍ਹੀ ਨਸ਼ਿਆਂ ਦੀ ਦਲਦਲ 'ਚ ਫਸੀ ਪਈ ਐ । ਜਦੋਂ ਕੋਈ ਸਰਕਾਰ ਆਉਂਦੀ ਹੈ ਤਾਂ ਆਉਂਦਿਆਂ ਹੀ ਵੱਡੇ-ਵੱਡੇ ਬਿਆਨ ਦੇਣੇ ਸ਼ੁਰੂ ਕਰ ਦਿੰਦੀ ਐ । ਇਕ ਅਜਿਹਾ ਹੀ ਬਿਆਨ ਜੋ ਹਰ ਸਰਕਾਰ ਬੜੇ ਜੋਸ਼ ਨਾਲ ਦਿੰਦੀ ਹੈ, ਉਹ ਹੁੰਦਾ ਹੈ ਨਸ਼ਿਆਂ ਦੇ ਖ਼ਿਲਾਫ਼ । ਜਦ ਕਦੇ ਸਰਕਾਰ ਬਦਲਦੀ ਹੈ ਤਾਂ ਬਸ ਇਕੋ ਰਟਿਆ ਰਟਾਇਆ ਬਿਆਨ ਕਿ ਅਸੀਂ ਨਸ਼ਿਆਂ ਵਿਰੁੱਧ ਲਾਮਬੰਦ ਹੋ ਕੇ ਚੱਲਾਂਗੇ। ਪੰਜਾਬ 'ਚੋਂ ਨਸ਼ਿਆਂ ਦਾ ਬੂਟਾ ਪੁੱਟ ਦਿਆਂਗੇ । ਸਾਡੇ ਦੇਸ਼ ਦੀ ਨੌਜਵਾਨ ਪੀੜ੍ਹੀ ਜੋ ਸਾਡੇ ਦੇਸ਼ ਦਾ ਭਵਿੱਖ ਹੈ ਉਸਨੂੰ ਨਸ਼ਿਆਂ ਵਿੱਚ ਗਲਤਾਨ ਹੋਣ ਤੋਂ ਰੋਕਣ ਲਈ ਸੈਮੀਨਾਰ ਕਰਵਾਵਾਂਗੇ ਤੇ ਨਸ਼ਿਆਂ ਵਿਰੁੱਧ ਅੰਦੋਲਨ ਸ਼ੁਰੂ ਕਰਾਂਗੇ—ਤੇ ਇਕ ਗੱਲ ਹੋਰ ਕਿ ਆਹ ਡੇਰਿਆਂ ਵਾਲੇ ਬਾਬੇ ਵੀ ਹਰ ਸਾਲ ਕਹਿ ਦਿੰਦੇ ਨੇ ਕਿ ਇਸ ਸਾਲ ਸਾਡੇ ਹਜ਼ਾਰਾਂ ਪੈਰੋਕਾਰ ਨਸ਼ਿਆਂ ਦਾ ਤਿਆਗ ਕਰ ਗਏ ਹਨ, ਤਾਂ ਫਿਰ ਸੋਚਣ ਵਾਲੀ ਗੱਲ ਇਹ ਹੈ ਕਿ ਜੇਕਰ ਸਰਕਾਰ ਨੇ ਵੀ ਨਸ਼ਿਆਂ ਵਿਰੁੱਧ ਮੁਹਿੰਮ ਛੇੜੀ ਹੋਈ ਹੈ ਤੇ ਬਾਬਿਆਂ ਦੇ ਪੈਰੋਕਾਰ ਵੀ ਹਰ ਸਾਲ ਵਧਦੇ ਜਾ ਰਹੇ ਹਨ ਤਾਂ ਫਿਰ ਨਸ਼ਿਆਂ ਨੂੰ ਵਰਤ ਕੌਣ ਰਿਹੈ। ਮੈਂ ਆਪਣੇ ਇਸ ਲੇਖ ਰਾਹੀਂ ਇਕ ਛੋਟੀ ਜਿਹੀ ਕੋਸ਼ਿਸ਼ ਕੀਤੀ ਹੈ ਕਿ ਨਸ਼ਿਆਂ ਦੇ ਵਧਣ ਲਈ ਜ਼ਿੰਮੇਵਾਰ ਕੌਣ ਹੈ ? ਅਸੀਂ ਕਹਿ ਸਕਦੇ ਹਾਂ ਕਿ ਇਸ ਲਈ ਲਗਪਗ ਹਰ ਕੋਈ ਕਿਸੇ ਨਾ ਕਿਸੇ ਤਰ੍ਹਾਂ ਨਾਲ ਜ਼ਿੰਮੇਵਾਰ ਹੈ। ਆਉ ਪਹਿਲਾਂ ਨਜ਼ਰ ਮਾਰਦੇ ਹਾਂ ਸਰਕਾਰਾਂ 'ਤੇ ਕਿ ਉਹ ਕਿਸ ਤਰ੍ਹਾਂ ਨਾਲ ਜ਼ਿੰਮੇਵਾਰ ਹਨ । ਇਹ ਤਾਂ ਮੰਨਣਯੋਗ ਹੈ ਕਿ



ਸਰਕਾਰਾਂ ਦੀ ਨਸ਼ਾ ਵਿਰੋਧੀ ਮੁਹਿੰਮ ਤਹਿਤ ਸਰਕਾਰ ਨੇ ਬਹੁਤ ਸਾਰੇ ਨਸ਼ੇ ਦੇ ਸੌਦਾਗਰਾਂ ਨੂੰ ਗ੍ਰਿਫ਼ਤਾਰ ਵੀ ਕੀਤਾ ਜਿਨ੍ਹਾਂ ਤੋਂ ਅਫ਼ੀਮ, ਸਮੈਕ, ਹੈਰੋਇਨ, ਪੋਸਤ ਆਦਿ ਫੜਿਆ ਗਿਆ ਤੇ ਉਨ੍ਹਾਂ ਮੁਲਜ਼ਮਾਂ ਵਿਰੁੱਧ ਕਾਨੂੰਨ ਤਹਿਤ ਕੇਸ ਵੀ ਦਰਜ ਹਨ । ਅੱਜ ਦੇ ਸਮੇਂ ਵਿੱਚ ਵਿਕਣ ਵਾਲਾ ਨਸ਼ਾ ਹੈ ਸ਼ਰਾਬ, ਜਿਸ ਦਾ ਹਰ ਕੋਈ ਗ਼ੁਲਾਮ ਬਣਦਾ ਜਾ ਰਿਹਾ ਹੈ । ਕੋਈ ਸ਼ਰ੍ਹੇਆਮ ਪੀਂਦਾ ਹੈ ਤੇ ਕੋਈ ਚੋਰੀ-ਛੁਪੇ । ਇਕ ਪਾਸੇ ਤਾਂ ਸਰਕਾਰਾਂ ਪੰਜਾਬ 'ਚੋਂ ਨਸ਼ੇ ਖ਼ਤਮ ਕਰਨ ਦਾ ਰਾਗ ਅਲਾਪਦੀਆਂ ਹਨ, ਦੂਜੇ ਪਾਸੇ ਪੰਜਾਬ ਵਿੱਚ ਹਰ ਸਾਲ ਠੇਕਿਆਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ । ਇਸ ਸਾਲ ਵੀ ਹੋਈ ਠੇਕਿਆਂ ਦੀ ਬੋਲੀ ਵਿੱਚ ਪੰਜਾਬ ਦੇ ਸਾਰੇ ਸ਼ਹਿਰਾਂ ਵਿੱਚ ਸ਼ਰਾਬ ਦੇ ਨਵੇਂ ਠੇਕੇ ਖੁੱਲ੍ਹੇ। ਜ਼ਿਕਰਯੋਗ ਹੈ ਕਿ ਜਿਹੜੇ ਮਰਜ਼ੀ ਸ਼ਹਿਰ ਵਿੱਚ ਵੇਖ ਲਉ ਆਥਣ ਵੇਲੇ ਸ਼ਰਾਬ ਦੇ ਠੇਕਿਆਂ 'ਤੇ ਸ਼ਰਾਬੀਆਂ ਦੀ ਭੀੜ ਹੁੰਦੀ ਹੈ। ਜੇਕਰ ਸਰਕਾਰ ਨਸ਼ਿਆਂ ਨੂੰ ਰੋਕਣ ਦੇ ਯਤਨ ਕਰ ਰਹੀ ਹੈ ਤਾਂ ਫਿਰ ਸ਼ਰਾਬ ਦੇ ਠੇਕਿਆਂ ਦੀ ਗਿਣਤੀ ਕਿਉਂ ਵਧਾ ਰਹੀ ਹੈ? ਸ਼ਰਾਬ ਦੇ ਠੇਕਿਆਂ ਦੀ ਗਿਣਤੀ ਵਿੱਚ ਵਾਧੇ ਨਾਲ ਹਰ ਸਾਲ ਸ਼ਰਾਬ ਦੀਆਂ ਕੀਮਤਾਂ ਕੁਝ ਘਟ ਜਾਂਦੀਆਂ ਹਨ, ਜਿਸ ਕਾਰਨ ਸ਼ਰਾਬ ਸਸਤੀ 'ਤੇ ਆਮ ਮਿਲਣ ਕਾਰਨ ਸ਼ਰਾਬ ਨੂੰ ਹਰ ਵਰਗ ਦੇ ਲੋਕ ਪੀਣ ਲੱਗ ਪਏ ਹਨ? ਜਦ ਕਦੇ ਆਥਣ ਵੇਲੇ ਠੇਕਿਆਂ 'ਤੇ ਨਿਗ੍ਹਾ ਮਾਰੀਏ ਤਾਂ ਇੰਝ ਜਾਪਦੈ ਜਿਵੇਂ ਸਾਰਾ ਪੰਜਾਬ ਹੀ ਸ਼ਰਾਬ ਪੀਣ ਲੱਗ ਪਿਆ ਹੋਵੇ—ਤੇ ਉਪਰੋਂ ਚੋਣਾਂ ਦੌਰਾਨ ਚਾਹੇ ਉਹ ਪਿੰਡਾਂ'ਚ ਸਰਪੰਚੀ ਦੀਆਂ ਹੋਣ, ਚਾਹੇ ਸ਼ਹਿਰਾਂ ਵਿੱਚ ਐਮ.ਸੀ. ਦੀਆਂ ਹੋਣ, ਤਾਂ ਫਿਰ ਨੇਤਾ ਵੀ ਵੋਟਰਾਂ ਨੂੰ ਆਪਣੇ ਵੱਲ ਖਿੱਚਣ ਲਈ ਸ਼ਰਾਬ ਆਦਿ ਦਾ ਪੂਰਾ ਇਸਤੇਮਾਲ ਕਰਦੇ ਹਨ । ਅਸੀਂ ਕੇਵਲ ਸਰਕਾਰਾਂ ਜਾਂ ਨੇਤਾਵਾਂ ਨੂੰ ਜ਼ਿੰਮੇਵਾਰ ਨਹੀਂ ਠਹਿਰਾ ਸਕਦੇ ਅਤੇ ਨਾ ਹੀ ਨੌਜਵਾਨ ਪੀੜ੍ਹੀ ਨੂੰ, ਕਿਉਂਕਿ ਜਦੋਂ ਨੌਜਵਾਨਾਂ ਨੂੰ ਕੋਈ ਸਹੀ ਸੇਧ ਨਹੀਂ ਦੇਵੇਗਾ ਤਾਂ ਭਟਕਣਗੇ ਹੀ । ਕੋਈ ਵੀ ਬੱਚਾ ਸਭ ਤੋਂ ਪਹਿਲਾਂ ਸਾਰਾ ਕੁਝ ਆਪਣੇ ਘਰ ਤੋਂ ਹੀ ਸਿੱਖਦਾ ਹੈ, ਤੁਰਨਾ ਫਿਰਨਾ ਬੋਲਣਾ ਆਦਿ। ਜਿਉਂ-ਜਿਉਂ ਬੱਚਾ ਵੱਡਾ ਹੁੰਦਾ ਜਾਂਦਾ

ਹੈ ਉਹ ਆਪਣੇ ਵਡੇਰੇ ਬਜ਼ੁਰਗਾਂ ਦੀ ਰੀਸ ਕਰਨ ਲੱਗ ਪੈਂਦਾ ਹੈ, ਪਰ ਅਫ਼ਸੋਸ ਇਹ ਰੀਸ ਹੀ ਬੱਚੇ ਨੂੰ ਨਸ਼ਿਆਂ ਵੱਲ ਲੈ ਜਾਂਦੀ ਹੈ । ਇਹ ਵੇਖਣ ਨੂੰ ਮਿਲਿਆ ਕਿ ਜਿੱਥੋਂ ਕਿਤੇ ਸ਼ਰਾਬ ਆਦਿ ਮਿਲਦੀ ਹੋਵੇ, ਉੱਥੇ ਜ਼ਿਆਦਾਤਰ ਗਿਣਤੀ ਵੱਡੀ ਉਮਰ ਵਾਲਿਆਂ ਦੀ ਹੀ ਹੋਵੇਗੀ । ਚਿੱਟੀਆਂ ਦਾੜ੍ਹੀਆਂ ਵਾਲੇ ਜਦੋਂ ਖੁਦ ਹੀ ਨਸ਼ੇ ਕਰਦੇ ਹੋਣ ਤਾਂ ਫਿਰ ਨੌਜਵਾਨ ਪੀੜ੍ਹੀ ਜਿਨ੍ਹਾਂ ਵਿੱਚ ਉਨ੍ਹਾਂ ਦੇ ਆਪਣੇ ਬੱਚੇ ਵੀ ਸ਼ਾਮਲ ਹੁੰਦੇ ਹਨ, ਨੂੰ ਵੀ ਨਸ਼ਾ ਕਰਨ ਤੋਂ ਕਿਵੇਂ ਰੋਕ ਸਕਦੇ ਹਨ? ਕਈ ਵਾਰ ਤਾਂ ਹੱਦ ਹੀ ਹੋ ਜਾਂਦੀ ਐ ਜਦੋਂ ਕਿਤੇ ਵਿਆਹ ਜਾਂ ਪਾਰਟੀ ਵਿੱਚ ਬੜਾ ਸਿਆਣਾ ਤੇ ਸਾਊ ਦਿਸਣ ਵਾਲਾ ਬਜ਼ੁਰਗ ਖੁਦ ਹੀ ਆਪਣੇ ਪੁੱਤ ਜਾਂ ਪੋਤਰੇ ਨੂੰ ਨਸ਼ੇ'ਚ ਟੱਲੀ ਹੋਇਆ ਕਹਿ ਰਿਹਾ ਹੁੰਦਾ ਹੈ "ਲਾ ਦੋ ਘੁੱਟਾਂ ਕੁਝ ਨਹੀਂ ਹੁੰਦਾ।" ਕਹਿੰਦੇ ਨੇ ਜਦੋਂ ਕੋਈ ਇਮਾਰਤ ਬਣਾਉਣੀ ਹੋਵੇ ਤਾਂ ਉਸ ਦੀ ਨੀਂਹ ਨੂੰ ਮਜ਼ਬੂਤ ਕੀਤਾ ਜਾਂਦੈ, ਤਾਂ ਕਿ ਇਮਾਰਤ ਲੰਮਾ ਸਮਾਂ ਖੜ੍ਹੀ ਰਹਿ ਸਕੇ; ਪਰ ਜਦੋਂ ਨੀਂਹ (ਬਜ਼ੁਰਗ) ਹੀ ਕਮਜ਼ੋਰ ਹੋਵੇ ਤਾਂ ਇਹ ਇਮਾਰਤ (ਨੌਜਵਾਨ ਪੀੜ੍ਹੀ) ਕਿਵੇਂ ਟਿਕ ਜਾਵੇਗੀ? ਜੇਕਰ ਨੌਜਵਾਨਾਂ ਨੂੰ ਨਸ਼ੇ ਤੋਂ ਰੋਕਣਾ ਹੈ ਤਾਂ ਪਹਿਲਾਂ ਖੁਦ ਸਾਡੇ ਬਜ਼ੁਰਗਾਂ ਨੂੰ ਨਸ਼ੇ ਤਿਆਗਣੇ ਪੈਣਗੇ, ਕਿਉਂਕਿ ਜਿਹੜਾ ਇਨਸਾਨ ਖੁਦ ਹੀ ਗ਼ਲਤ ਹੋਵੇ ਉਹ ਕਿਸੇ ਦੂਸਰੇ ਗ਼ਲਤ ਇਨਸਾਨ ਨੂੰ ਗ਼ਲਤ ਕੰਮ ਤੋਂ ਨਹੀਂ ਰੋਕ ਸਕਦਾ। ਇਸ ਤੋਂ ਪਹਿਲਾਂ ਖੁਦ ਸਾਡੇ ਬਜ਼ੁਰਗ ਨਸ਼ਿਆਂ ਤੋਂ ਪਾਸਾ ਵੱਟਣ ਤਾਂ ਹੀ ਉਹ ਨੌਜਵਾਨਾਂ ਨੂੰ ਨਸ਼ੇ ਕਰਨ ਤੋਂ ਰੋਕ ਸਕਦੇ ਹਨ। ਮੇਰਾ ਮਕਸਦ ਸਾਡੇ ਬਜ਼ੁਰਗਾਂ ਨੂੰ ਬੁਰਾ ਬਣਾਉਣਾ ਨਹੀਂ। ਅਸੀਂ ਲੇਖ ਵਿੱਚ ਅਜਿਹੀ ਗੱਲ ਕੀਤੀ ਸੀ ਕਿ ਚੋਣਾਂ ਦੌਰਾਨ ਲੀਡਰ ਤੇ ਨੇਤਾ ਨਸ਼ਿਆਂ ਦੀ ਖੁੱਲ੍ਹ ਕੇ ਵਰਤੋਂ ਕਰਦੇ ਹਨ। ਸਾਨੂੰ ਸਾਰਿਆਂ ਨੂੰ ਚਾਹੀਦਾ ਹੈ ਕਿ ਇਸ ਤਰ੍ਹਾਂ ਦੇ ਲੀਡਰਾਂ ਦਾ ਵੀ ਵਿਰੋਧ ਕਰੀਏ। ਉਹ ਵੀ ਇਕੱਲੇ ਜ਼ਿੰਮੇਵਾਰ ਨਹੀਂ, ਕਿਉਂਕਿ ਉਹ ਤਾਂ ਹੀ ਕੋਈ ਨਸ਼ਾ ਚੋਣਾਂ ਦੌਰਾਨ ਵੰਡਣਗੇ ਜੇਕਰ ਵੋਟਰ ਉਨ੍ਹਾਂ ਤੋਂ ਨਸ਼ਾ ਮੰਗਣਗੇ। ਜੇਕਰ ਅਸੀਂ ਸੱਚਮੁੱਚ ਨਸ਼ਿਆਂ ਤੋਂ ਮੁਕਤੀ ਚਾਹੁੰਦੇ ਹਾਂ ਤਾਂ ਸਾਨੂੰ ਵਿਰੋਧ ਕਰਨਾ ਚਾਹੀਦਾ ਹੈ ਤੇ ਸਾਨੂੰ ਖੁਦ ਸੱਚੇ ਤੇ ਈਮਾਨਦਾਰ ਨੂੰ ਹੀ ਵੋਟਾਂ



ਪਾਉਣੀਆਂ ਚਾਹੀਦੀਆਂ ਹਨ। ਪਰ ਸ਼ਾਇਦ ਇਹ ਕਦੇ ਵੀ ਸੰਭਵ ਨਹੀਂ। ਹੁਣ ਗੱਲ ਕਰਦੇ ਹਾਂ ਡੇਰੇ ਵਾਲੇ ਬਾਬਿਆਂ ਦੀ ਜੋ ਕਹਿੰਦੇ ਰਹਿੰਦੇ ਹਨ ਕਿ ਹਰ ਸਾਲ ਸਾਡੇ ਪੈਰੋਕਾਰ ਵਧ ਜਾਂਦੇ ਹਨ। ਇੱਥੇ ਕਹਿਣਾ ਬਣਦਾ ਹੈ ਕਿ ਉਹਨਾਂ ਦੇ ਭਾਵੇਂ ਪੈਰੋਕਾਰ ਕਿੰਨੇ ਬਣ ਜਾਣ ਪਰ ਜਿਨ੍ਹਾਂ ਨੂੰ ਰੱਸੇ ਚੱਬਣ ਦੀ ਆਦਤ ਪੈ ਗਈ ਉਹ ਨਹੀਂ ਜਾਂਦੀ ਭਾਵੇਂ ਕੁਝ ਵੀ ਕਰ ਲਉ। ਕਹਿਣ ਨੂੰ ਤਾਂ ਬਥੇਰੇ ਲੋਕ ਡੇਰਿਆਂ ਵਾਲਿਆਂ ਬਾਬਿਆਂ ਦੇ ਚੇਲੇ ਹਨ ਪਰ ਜੋ ਆਦਤ ਤੋਂ ਮਜ਼ਬੂਰ ਨੇ ਉਹ ਤਾਂ ਚੋਰੀ-ਛੁਪੇ ਮੂੰਹ ਮਾਰਦੇ ਹੀ ਨੇ। ਲਗਦੈ ਮੈਂ ਕੁਝ ਜ਼ਿਆਦਾ ਹੀ ਅੱਗੇ ਵਧ ਗਿਆਂ, ਪਰ ਜੇਕਰ ਸਰਕਾਰ ਵੀ ਨਸ਼ਿਆਂ ਵਿਰੁੱਧ ਲਾਮਬੱਧ ਹੈ ਤੇ ਹੋਰ ਸਮਾਜ ਸੇਵੀ ਸੰਸਥਾਵਾਂ ਵੀ ਨਸ਼ੇ ਛੁਡਾਊ ਕੈਂਪ ਲਾ ਕੇ ਲੋਕਾਂ ਦੇ ਨਸ਼ੇ ਛੁਡਾ ਰਹੀਆਂ ਹਨ ਤੇ ਡੇਰਿਆਂ ਵਾਲੇ ਬਾਬਿਆਂ ਦੇ ਚੇਲੇ ਵੀ ਹਰ ਸਾਲ ਵਧ ਰਹੇ ਹਨ ਤਾਂ ਸੋਚਣ ਵਾਲੀ ਗੱਲ ਹੈ ਕਿ ਫਿਰ ਐਨੇ ਨਸ਼ੇ ਕਿੱਥੇ ਜਾ ਰਹੇ ਹਨ? ਕੌਣ ਕਰ ਰਿਹੈ ਐਨੇ ਨਸ਼ੇ? ਇਕੱਲੀਆਂ ਫੋਕੀਆਂ ਫੜਾਂ ਮਾਰਨ ਨਾਲ ਕੁਝ ਨ੍ਹੀਂ ਹੋਣਾ ।

ਜੇਕਰ ਨਸ਼ਿਆਂ ਨੂੰ ਪੰਜਾਬ ਤੋਂ ਜੜ੍ਹੋਂ ਖ਼ਤਮ ਕਰਨਾ ਹੈ ਤਾਂ ਸਾਰਿਆਂ ਨੂੰ ਇਕੱਠੇ ਹੋ ਕੇ ਤੁਰਨ ਦੀ ਲੋੜ ਹੈ । ਫਿਰ ਸ਼ਾਇਦ ਪੰਜਾਬ ਵਿੱਚ ਨਸ਼ੇ ਨੂੰ ਠੱਲ੍ਹ ਪੈ ਸਕਦੀ ਏ, ਨਹੀਂ ਤਾਂ ਫੂਕੀਂ ਵੜੇ ਜਿੰਨੇ ਮਰਜ਼ੀ ਪਕਾ ਲਉ । ਮੇਰਾ ਮਕਸਦ ਕਿਸੇ ਦੀ ਨੁਕਤਾਚੀਨੀ ਕਰਨਾ ਨਹੀਂ ਸੀ । ਬੱਸ ਇਹ ਤਾਂ ਕੁਝ ਗੱਲਾਂ ਸਨ, ਜੋ ਮੇਰੇ ਮਨ ਅੰਦਰ ਬੜੇ ਸਮੇਂ ਤੋਂ ਸਨ ਜਿਨ੍ਹਾਂ ਨੂੰ ਮੈਂ ਲੋਕ ਸੱਥ ਵਿੱਚ ਪੇਸ਼ ਕਰਨਾ ਚਾਹੁੰਦਾ ਸੀ ।

-o-

# ਨਸ਼ਿਆਂ ਨੇ ਪੱਟਤੇ ਪੰਜਾਬ ਦੇ ਸ਼ੌਕੀਨ ਗੱਭਰੂ

**-ਸਵਿੰਦਰ ਕੌਰ**

ਪਿੰਡ ਦੇ ਬਾਹਰਵਾਰ ਫਿਰਨੀ ਉੱਤੇ ਬਣੇ ਦੋ ਆਲੀਸ਼ਨ ਘਰ ਹਰ ਆਉਂਦੇ ਜਾਂਦੇ ਦਾ ਧਿਆਨ ਆਪਣੇ ਵੱਲ ਖਿੱਚਦੇ ਹਨ । ਵੇਖਣ ਵਾਲੇ ਦੀ ਪਹਿਲੀ ਨਜ਼ਰ ਹੀ ਘਰਾਂ ਅੰਦਰ ਵੱਸਦੇ ਪਰਿਵਾਰਾਂ ਦੀ ਚੰਗੀ ਆਰਥਿਕ ਹਾਲਤ ਦਾ ਅੰਦਾਜ਼ਾ ਲਗਾ ਲੈਂਦੀ ਹੈ । ਕਿਤੇ ਇਹ ਨਾ ਸਮਝ ਬੈਠਣਾ ਕਿ ਇਨ੍ਹਾਂ ਘਰਾਂ ਵਿੱਚ ਰਹਿੰਦੇ ਪਰਿਵਾਰਾਂ ਵਿੱਚੋਂ ਕੋਈ ਰਾਜ ਕਰ ਰਹੀ ਪਾਰਟੀ ਦਾ ਚੌਧਰੀ ਹੈ ਜਾਂ ਫਿਰ ਕੋਈ ਮੈਂਬਰ ਚੰਗੀ ਕਮਾਈ ਕਰਨ ਵਾਲੀ ਪੋਸਟ 'ਤੇ ਤਾਇਨਾਤ ਹੈ । ਨਹੀਂ, ਇਨ੍ਹਾਂ ਪਰਿਵਾਰਾਂ ਨੇ ਇਸ ਪੁਜ਼ੀਸ਼ਨ 'ਤੇ ਪਹੁੰਚਣ ਲਈ ਵਿਰਸੇ ਵਿੱਚ ਮਿਲੀ ਜਾਇਦਾਦ 'ਤੇ ਹੱਡ-ਭੰਨਵੀਂ ਕਮਾਈ ਕਰਦਿਆਂ ਨਾ ਦਿਨ ਦੇਖਿਆ ਹੈ ਤੇ ਨਾ ਰਾਤ । ਵੱਧ ਤੋਂ ਵੱਧ ਮਿਹਨਤ ਕਰਕੇ ਅਤੇ ਸੀਮਿਤ ਖ਼ਰਚੇ ਰੱਖ ਕੇ ਜਿੱਥੇ ਇਹ ਅਜਿਹੇ ਘਰ ਬਣਾਉਣ ਵਿੱਚ ਸਫਲ ਹੋ ਰਹੇ ਹਨ ਉੱਥੇ ਪਿਤਾ ਪੁਰਖੀ ਮਿਲੀ ਜਾਇਦਾਦ ਵਿੱਚ ਵੀ ਕੁਝ ਨਾ ਕੁਝ ਵਾਧਾ ਕੀਤਾ ਹੈ । ਲਗਾਤਾਰ ਦੋ ਪੀੜ੍ਹੀਆਂ ਦੀ ਕਿਰਤ ਕਮਾਈ ਨੇ ਇਨ੍ਹਾਂ ਦਾ ਹੱਥ ਤਾਂ ਸੁਖਾਲਾ ਕਰ ਦਿੱਤਾ ਹੈ ਪਰ ਆਉਣ ਵਾਲੇ ਸਮੇਂ ਦੀ ਚੰਦਰੀ ਹਕੀਕਤ ਦੇ ਮੰਡਰਾ ਰਹੇ ਖ਼ਤਰੇ ਨੇ ਇਨ੍ਹਾਂ ਪਰਿਵਾਰਾਂ ਦੇ ਸਾਹ ਸੂਤ ਰੱਖੇ ਹਨ। ਇਸ ਕਾਰਨ ਜਿੱਥੇ ਇਨ੍ਹਾਂ ਨੂੰ ਆਪਣਾ ਭਵਿੱਖ ਧੁੰਦਲਾ ਦਿੱਸ ਰਿਹਾ ਹੈ ਉੱਥੇ ਜ਼ਿੰਦਗੀ ਦੇ ਸਾਰੇ ਸੁਪਨੇ ਵੀ ਮਿੱਟੀ ਵਿੱਚ ਮਿਲਦੇ ਦਿੱਸ ਰਹੇ ਹਨ।

ਬਿਨਾਂ ਕਿਸੇ ਡਰ ਤੋਂ ਬੇਖ਼ੌਫ ਹੋ ਕੇ ਕੀਤੀ ਜਾ ਰਹੀ ਨਸ਼ਿਆਂ ਦੀ ਸਪਲਾਈ ਨੇ ਪੰਜਾਬ ਦੀ ਜਵਾਨੀ ਨੂੰ ਆਪਣੀ ਜਕੜ ਵਿੱਚ ਲੈ ਲਿਆ ਹੈ। ਇਨ੍ਹਾਂ ਤਸਕਰਾਂ ਨੇ ਇਸ ਕਾਲੀ ਕਮਾਈ ਨਾਲ ਵੱਧ ਤੋਂ ਵੱਧ ਮੁਨਾਫ਼ਾ ਕਮਾਉਣ ਦੀ ਲਾਲਸਾ ਅਧੀਨ ਬਹੁਤ ਸਾਰੇ ਪਰਿਵਾਰਾਂ ਨੂੰ ਇਸ ਧੰਦੇ ਵਿੱਚ ਲਾਇਆ ਹੋਇਆ ਹੈ । ਇਨ੍ਹਾਂ ਦੀ ਅੱਖ ਖਾਂਦੇ ਪੀਂਦੇ ਘਰਾਂ ਦੇ ਅੱਲ੍ਹੜ ਮੁੰਡਿਆਂ ਨੂੰ ਤਲਾਸ਼ਦੀ ਰਹਿੰਦੀ ਹੈ। ਉਹ ਉਨ੍ਹਾਂ ਨੂੰ ਆਪਣੇ ਜਾਲ ਵਿੱਚ ਫਸਾ ਲੈਂਦੇ ਹਨ । ਇਸੇ ਤਰ੍ਹਾਂ ਅਜਿਹੇ ਅਨਸਰਾਂ ਦੀ ਅੱਖ ਇਨ੍ਹਾਂ ਦੋਵਾਂ ਘਰਾਂ ਦੇ ਨਵੇਂ-ਨਵੇਂ ਕਾਲਜ ਜਾਣ ਲੱਗੇ ਮਲੂਕ ਜਿਹੇ ਮੁੰਡਿਆਂ 'ਤੇ ਟਿਕ ਗਈ।



ਬਸ ਫਿਰ ਕੀ ਸੀ, ਅਜਿਹੇ ਉਂਗਲ 'ਤੇ ਚੜ੍ਹਾਏ ਇਨ੍ਹਾਂ ਦੇ ਮਗਰ ਲੱਗ ਕੇ ਘਰਦਿਆਂ ਨੂੰ ਕਹਿਣ ਲੱਗੇ, ਕਿ ਹਰ ਰੋਜ਼ ਪਿੰਡੋਂ ਕਾਲਜ ਜਾਣ ਨਾਲ ਸਾਡਾ ਕਿੰਨਾ ਸਮਾਂ ਤਾਂ ਆਉਂਦੇ ਜਾਂਦੇ ਹੀ ਖ਼ਰਾਬ ਹੋ ਜਾਂਦਾ ਹੈ, ਇਸ ਲਈ ਅਸੀਂ ਸ਼ਹਿਰ ਵਿੱਚ ਹੀ ਕਮਰਾ ਕਿਰਾਏ 'ਤੇ ਲੈ ਕੇ ਰਹਿ ਕੇ ਪੜ੍ਹਨਾ ਚਾਹੁੰਦੇ ਹਾਂ। ਉੱਥੇ ਟਿਊਸ਼ਨਾਂ ਰੱਖਣ ਦੀ ਸਹੂਲਤ ਵੀ ਮਿਲ ਜਾਵੇਗੀ ।

ਘਰਦਿਆਂ ਨੇ ਉਨ੍ਹਾਂ ਦੇ ਸੁਨਹਿਰੀ ਭਵਿੱਖ ਨੂੰ ਮੁੱਖ ਰੱਖਦਿਆਂ ਉਨ੍ਹਾਂ ਨੂੰ ਪੜ੍ਹਨ ਦੀ ਤਾੜਨਾ ਕਰਦਿਆਂ ਸ਼ਹਿਰ ਰਹਿਣ ਦੀ ਇਜਾਜ਼ਤ ਦੇ ਦਿੱਤੀ। ਪੈਸੇ ਧੇਲੇ ਵੱਲੋਂ ਤੰਗੀ ਨਾ ਕੱਟਣ ਅਤੇ ਲੋੜ ਪੈਣ 'ਤੇ ਟਿਊਸ਼ਨਾਂ ਰੱਖਣ ਦੀ ਰਾਇ ਦੇ ਕੇ ਉਨ੍ਹਾਂ ਦਾ ਸਾਮਾਨ ਕਿਰਾਏ ਦੇ ਕਮਰੇ ਵਿੱਚ ਛੱਡ ਆਏ। ਬਸ ਹੁਣ ਕਿਸਦਾ ਡਰ ਸੀ। ਛੇ ਮਹੀਨਿਆਂ ਵਿੱਚ ਹੀ ਮੁੰਡੇ ਮਹਿੰਗੇ ਨਸ਼ਿਆਂ ਦੇ ਆਦੀ ਬਣਾ ਦਿੱਤੇ। ਮੁੰਡਿਆਂ ਵੱਲੋਂ ਨਿੱਤ ਦਿਹਾੜੇ ਨੋਟਾਂ ਦੀ ਵਧਦੀ ਮੰਗ ਨੇ ਮਾਪਿਆਂ ਨੂੰ ਪ੍ਰੇਸ਼ਾਨ ਕਰ ਦਿੱਤਾ। ਘਰਦਿਆਂ ਨੇ ਚੁੱਪਚਾਪ ਉਨ੍ਹਾਂ ਦੀ ਸੂਹ ਲੈਣੀ ਸ਼ੁਰੂ ਕਰ ਦਿੱਤੀ। ਜਦੋਂ ਅਸਲੀਅਤ ਸਾਹਮਣੇ ਆਈ ਤਾਂ ਪਸੀਨਾ ਵਹਾ ਕੇ ਕੀਤੀ ਕਮਾਈ ਉੱਜੜਦੀ ਦੇਖ ਕੇ ਉਨ੍ਹਾਂ ਦੇ ਹੋਸ਼ ਹੀ ਉੱਡ ਗਏ। ਝੱਟ ਬੋਰੀਆ-ਬਿਸਤਰਾ ਵਲ੍ਹੇਟ ਕੇ ਮੁੰਡਿਆਂ ਨੂੰ ਕੰਨੋਂ ਫੜ ਘਰ ਲੈ ਆਏ; ਪਰ ਹੁਣ ਵੇਲਾ ਹੱਥੋਂ ਨਿਕਲ ਚੁੱਕਿਆ ਸੀ। ਲੱਖ ਕੋਸ਼ਿਸ਼ਾਂ ਕਰਨ ਤੋਂ ਬਾਅਦ ਵੀ ਉਹ ਨਸ਼ੇ ਤੋਂ ਮੁਕਤ ਨਹੀਂ ਹੋ ਸਕੇ। ਹੁਣ ਗੱਲ ਇਹ ਹੈ ਕਿ ਉਹ ਡੱਕਾ ਤੋੜ ਕੇ ਦੂਹਰਾ ਨਹੀਂ ਕਰਦੇ, ਸਾਰਾ ਦਿਨ ਅਵਾਰਾਗਰਦੀ ਕਰਦੇ ਹਨ। ਹਰ ਰੋਜ਼ ਨੋਟਾਂ ਪਿੱਛੇ ਕਲੇਸ਼ ਕਰਦੇ, ਘਰ ਵਿੱਚ ਨਿੱਤ ਨਵਾਂ ਤਮਾਸ਼ਾ ਖੜ੍ਹਾ ਕਰੀ ਰੱਖਦੇ ਹਨ। ਘਰਾਂ ਵਿੱਚ ਨਿੱਤ ਨਵੀਂ ਆਸ ਦੀ ਕਿਰਨ ਲੈ ਕੇ ਆਉਣ ਵਾਲਾ ਸੂਰਜ ਗਾੜੇ ਕਾਲੇ ਬੱਦਲਾਂ 'ਚ ਲੁਕਿਆ ਹਨੇਰਾ ਹੀ ਹਨੇਰਾ ਪੈਦਾ ਕਰ ਰਿਹਾ ਹੈ ।

ਪਿੰਡ ਦੀ ਧਰਮਸ਼ਾਲਾ ਨਾਲ ਲੱਗਦਾ ਘਰ ਇਕ ਮਾਸਟਰ ਜੀ ਦਾ ਹੈ, ਜੋ ਸਾਰੀ ਉਮਰ ਬੱਚਿਆਂ ਨੂੰ ਈਮਾਨਦਾਰੀ ਨਾਲ ਪੜ੍ਹਾਉਂਦਾ ਰਿਹਾ ਹੈ। ਆਪਣੇ ਪਿੰਡ ਦੇ ਲੋਕਾਂ ਨੂੰ ਵਹਿਮਾਂ ਭਰਮਾਂ ਵਿੱਚੋਂ ਕੱਢਣ ਲਈ ਸਮੇਂ-ਸਮੇਂ ਤਰਕਸ਼ੀਲਾਂ ਦੇ ਪ੍ਰੋਗਰਾਮ ਵੀ ਕਰਵਾਉਂਦਾ ਰਹਿੰਦਾ ਹੈ । ਨੌਜਵਾਨਾਂ ਦੀ ਕਲੱਬ ਬਣਾ ਕੇ ਉਨ੍ਹਾਂ ਨੂੰ ਖੇਡਾਂ ਵਾਲੇ ਪਾਸੇ ਉਤਸ਼ਾਹਿਤ ਕਰਨ ਦਾ ਹੰਭਲਾ

ਵੀ ਮਾਰਦਾ ਰਹਿੰਦਾ ਹੈ । ਲੋੜਵੰਦ ਬੱਚਿਆਂ ਨੂੰ ਫ਼ੀਸਾਂ, ਕਿਤਾਬਾਂ ਜਾਂ ਵਰਦੀ ਆਦਿ ਲਿਜਾ ਕੇ ਦੇਣ ਵਿੱਚ ਉਸਨੇ ਕਦੇ ਪਾਸਾ ਨਹੀਂ ਵੱਟਿਆ। ਉਸਦੇ ਨੇਕ ਸੁਭਾਅ ਅਤੇ ਸਮੇਂ 'ਤੇ ਕੰਮ ਆਉਣ ਦੀ ਆਦਤ ਕਾਰਨ ਪਿੰਡ ਦੇ ਲੋਕ ਉਸਦੀ ਬਹੁਤ ਇੱਜ਼ਤ ਕਰਦੇ ਹਨ । ਮਾੜੀ ਕਿਸਮਤ ਨੂੰ ਘਰੋਂ ਬੀ.ਟੈਕ. ਕਰਨ ਗਿਆ ਉਸਦਾ ਲੜਕਾ ਅਜਿਹਾ ਨਸ਼ਿਆਂ ਦੇ ਵਪਾਰੀਆਂ ਦੀ ਗ੍ਰਿਫ਼ਤ ਵਿੱਚ ਆਇਆ ਕਿ ਜਿੱਥੇ ਪਿਉ ਦੀ ਕੀਤੀ ਨੇਕ ਕਮਾਈ ਖੂਹ ਵਿੱਚ ਪਾ ਦਿੱਤੀ ਉੱਥੇ ਆਪਣੀ ਸੋਨੇ ਵਰਗੀ ਜਵਾਨੀ ਅਤੇ ਰੋਸ਼ਨ ਭਵਿੱਖ ਨੂੰ ਨਸ਼ਿਆਂ ਦੀ ਗਹਿਰੀ ਕਾਲੀ ਖੱਡ ਵਿੱਚ ਧੱਕ ਦਿੱਤਾ । ਉਸਦਾ ਹਾਲ ਹੁਣ ਮਰ ਚੁੱਕੀ ਜ਼ਮੀਰ ਵਾਲਾ ਹੈ । ਕਦੇ ਕਿਸੇ ਅੱਗੇ ਪੰਜਾਹ ਰੁਪਏ ਮੰਗਦਾ ਹੱਥ ਅੱਡਦਾ ਹੈ ਕਦੇ ਦਸ ਵੀਹ ਦੇਣ ਲਈ ਹੀ ਤਰਲੇ ਪਾਉਂਦਾ ਹੈ । ਜਿੱਥੇ ਦਾਅ ਲੱਗੇ ਚੋਰੀ ਵੀ ਕਰ ਲੈਂਦਾ ਹੈ । ਮਾਂ-ਬਾਪ ਵਿਹੜੇ 'ਚ ਆਉਂਦੀ ਹਰ ਆਹਟ ਸੁਣ ਕੇ ਚੌਂਕ ਜਾਂਦੇ ਹਨ—ਕਿਤੇ ਕੋਈ ਉਲਾਂਭਾ ਦੇਣ ਵਾਲਾ ਤਾਂ ਨਹੀਂ ਆ ਰਿਹਾ। ਪਤੀ ਪਤਨੀ ਇਕ ਦੂਜੇ ਵੱਲ ਤੱਕਦੇ ਨਮੋਸ਼ੀ ਭਰੇ ਪਲਾਂ ਨੂੰ ਪੁੱਛਦੇ ਹਨ, ਸਾਡਾ ਕਸੂਰ ਕੀ ਹੈ?

ਸਕੂਲ ਦੇ ਗੇਟ ਤੋਂ ਰਤਾ ਕੁ ਹਟਵੇਂ ਫ਼ਾਸਲੇ ਤੋਂ ਬਣੇ ਠੇਕੇ 'ਤੇ ਸ਼ਾਮ ਨੂੰ ਮੇਲੇ ਵਰਗਾ ਮਾਹੌਲ ਹੁੰਦਾ ਹੈ । ਕੋਈ ਸਮਾਂ ਸੀ ਵਿਰਲਾ ਟਾਵਾਂ ਹੀ ਠੇਕੇ 'ਤੇ ਜਾਣ ਸਮੇਂ ਹਨੇਰਾ ਹੋਣ ਦੀ ਉਡੀਕ ਕਰਦਾ ਸੀ, ਪਰ ਹੁਣ ਤਾਂ ਹਮਾਮ ਵਿੱਚ ਸਾਰੇ ਨੰਗੇ ਹਨ । ਇਹ ਹਕੀਕਤ ਮੇਰੇ ਪਿੰਡ ਦੀ ਨਹੀਂ ਪੰਜਾਬ ਦੇ ਸਾਰੇ ਪਿੰਡਾਂ ਦੀ ਹੈ । ਦੁੱਧ, ਦਹੀਂ, ਲੱਸੀ ਦੇ ਸ਼ੌਕੀਨ ਪੰਜਾਬੀ ਜੋ ਸਾਰੀ ਦੁਨੀਆਂ ਵਿੱਚ ਤਕੜੇ ਜੁੱਸਿਆਂ, ਨਰੋਈ ਸਿਹਤ, ਹਿੰਮਤੀ ਅਤੇ ਬਹਾਦਰੀ ਕਰਕੇ ਮਸ਼ਹੂਰ ਹਨ । ਅੱਜਕੱਲ੍ਹ ਉਹ ਨਸ਼ਿਆਂ ਦੀ ਦਲਦਲ ਵਿੱਚ ਧੱਸ ਚੁੱਕੇ ਹਨ । ਇਸ ਰੋਗ ਦਾ ਦਾਰੂ ਕਿਸੇ ਪਾਸਿਓਂ ਲੱਭਦਾ ਨਜ਼ਰ ਨਹੀਂ ਆਉਂਦਾ । ਜਿਸ ਸਰਕਾਰ 'ਤੇ ਲੋਕਾਂ ਦੀ ਜ਼ਿੰਮੇਵਾਰੀ ਹੁੰਦੀ ਹੈ ਉਸਦੇ ਰਾਜ ਵਿੱਚ ਅੰਨ ਦਾਤੇ ਖ਼ੁਦਕੁਸ਼ੀਆਂ ਕਰ ਰਹੇ ਹਨ ।

ਪਿੰਡਾਂ ਦੀਆਂ ਪੰਚਾਇਤਾਂ ਪਿੰਡ ਵਾਸੀਆਂ ਦੀ ਮਦਦ ਨਾਲ ਠੇਕੇ ਚੁਕਵਾ ਸਕਦੀਆਂ ਹਨ । ਨਸ਼ੇ ਦੇ ਕਾਰੋਬਾਰੀਆਂ ਨਾਲ ਹਰ ਤਰ੍ਹਾਂ ਦੀ ਸਾਂਝ ਤੋੜ ਕੇ ਅਤੇ ਜੁਰਮਾਨੇ ਕਰ ਕੇ ਉਹਨਾਂ ਨੂੰ ਸਿੱਧੇ ਰਾਹ ਲਿਆ ਸਕਦੀਆਂ



ਹਨ। ਪਿੰਡ ਦੇ ਨੌਜਵਾਨਾਂ ਦਾ ਰੁਝਾਨ ਖੇਡਾਂ ਵੱਲ ਅਤੇ ਸਮਾਜਿਕ ਕੰਮਾਂ ਵਿੱਚ ਲਗਾ ਕੇ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰੱਖ ਸਕਦੀਆਂ ਹਨ। ਪਰ ਜਿਸ ਤਰ੍ਹਾਂ ਚੋਣਾਂ ਵਿੱਚ ਦਾਰੂ ਦੇ ਦਰਿਆ ਵਗਦੇ ਹਨ ਉਸ ਨੂੰ ਦੇਖ ਕੇ ਤਾਂ ਪੰਚਾਇਤਾਂ 'ਤੇ ਵੀ ਬਹੁਤਾ ਭਰੋਸਾ ਨਹੀਂ ਕੀਤਾ ਜਾ ਸਕਦਾ । ਸਾਡੀਆਂ ਸਮਾਜਿਕ ਜਥੇਬੰਦੀਆਂ ਪਿੰਡਾਂ ਤੇ ਸ਼ਹਿਰਾਂ ਵਿੱਚ ਜਲਸਿਆਂ, ਡਰਾਮਿਆਂ ਅਤੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਦੱਸ ਕੇ ਲੋਕਾਂ ਨੂੰ ਜਾਗਰੂਕ ਕਰਕੇ ਇਸ ਮੁਹਿੰਮ ਨੂੰ ਲੋਕ ਲਹਿਰ ਵਿੱਚ ਬਦਲ ਕੇ ਪੰਜਾਬ ਵਿੱਚ ਨਸ਼ਿਆਂ ਨਾਲ ਹੋ ਰਹੀ ਤਬਾਹੀ ਰੋਕ ਸਕਦੀਆਂ ਹਨ ।

ਪੰਜਾਬ ਦੇ ਨੌਜਵਾਨ ਸ਼ਹੀਦ ਸੁਖਦੇਵ ਸਿੰਘ, ਭਗਤ ਸਿੰਘ, ਊਧਮ ਸਿੰਘ ਅਤੇ ਸਰਾਭੇ ਦੇ ਵਾਰਸ ਅੱਗੇ ਆ ਕੇ ਨੌਜਵਾਨਾਂ ਨੂੰ ਸ਼ਹੀਦਾਂ ਦੀ ਸੋਚ 'ਤੇ ਤੋਰ ਕੇ ਨਸ਼ਿਆਂ ਦੇ ਇਸ ਅੰਨ੍ਹੇ ਰਾਹ 'ਤੇ ਭਟਕ ਰਹੇ ਨੌਜਵਾਨਾਂ ਦਾ ਇਸ ਤੋਂ ਛੁਟਕਾਰਾ ਕਰਵਾ ਕੇ ਸਮਾਜ ਦੇ ਖ਼ੁਸ਼ਹਾਲ ਅਤੇ ਉੱਜਲ ਭਵਿੱਖ ਦਾ ਆਧਾਰ ਬਣ ਸਕਦੇ ਹਨ । ਨਸ਼ੇੜੀ ਪੁੱਤਾਂ ਦੇ ਦਿੱਤੇ ਦਰਦਾਂ ਨਾਲ ਵਿਲਕ ਰਹੀਆਂ ਮਾਵਾਂ, ਸਿਸਕ-ਸਿਸਕ ਕੇ ਹੌਕਿਆਂ ਅਤੇ ਹਾਵਿਆਂ ਵਿੱਚ ਦਿਨ ਕੱਟ ਰਹੀਆਂ, ਉਨ੍ਹਾਂ ਦੀਆਂ ਪਤਨੀਆਂ ਅਤੇ ਅੰਧਕਾਰਮਈ ਭਵਿੱਖ 'ਚ ਦਿਨ ਕੱਟਦੇ ਉਨ੍ਹਾਂ ਦੇ ਬੱਚਿਆਂ ਦੇ ਚੰਗੇਰੇ ਭਵਿੱਖ ਦੀ ਦਵਾ ਲੱਭ ਕੇ ਉਨ੍ਹਾਂ ਦੀ ਜ਼ਿੰਦਗੀ ਵਿੱਚ ਆਸਾਂ ਭਰਿਆ ਸੂਰਜ ਕੋਈ ਕਿਰਨ ਪੈਦਾ ਕਰ ਸਕਦਾ ਹੈ। ਨੌਜਵਾਨ ਵੀ ਸਰਕਾਰ ਨੂੰ ਮਜ਼ਬੂਰ ਕਰ ਸਕਦੇ ਹਨ ਕਿ ਉਹ ਨੌਜਵਾਨੀ ਨੂੰ ਨਸ਼ਿਆਂ ਦੀ ਦਲਦਲ ਵਿੱਚ ਧੱਕਣ ਦੀ ਥਾਂ ਰੁਜ਼ਗਾਰ, ਸਿੱਖਿਆ ਅਤੇ ਸਨਮਾਨ ਦੀ ਵਿਵਸਥਾ ਕਰੇ। ਮੇਰੀ ਇਹ ਆਸ ਇਹ ਮੇਰੀ ਨਹੀਂ । ਮੈਨੂੰ ਇਹ ਦ੍ਰਿੜ੍ਹ ਵਿਸ਼ਵਾਸ ਹੈ ਇਕ ਦਿਨ ਕਾਮੇ, ਕਿਸਾਨ ਅਤੇ ਨੌਜਵਾਨ ਰਲ ਕੇ ਪੰਜਾਬ ਨੂੰ ਇਸ ਵਿੱਚੋਂ ਕੱਢ ਕੇ ਦੁਬਾਰਾ ਹੱਸਦਾ ਖੇਡਦਾ ਜੀਂਦਾ ਜਾਗਦਾ ਆਰਥਿਕ ਅਤੇ ਸਮਾਜਿਕ ਪੱਖੋਂ ਪਹਿਲਾਂ ਵਰਗਾ ਖ਼ੁਸ਼ਹਾਲ ਪੰਜਾਬ ਬਣਾ ਦੇਣਗੇ ।

response@Punjabi. Jagran.com

-0-

# ਸ਼ਰਾਬ ਤੋਂ ਹੁੰਦੀ ਆਮਦਨ ਪਹਿਲਾਂ
# ਜਾਂ
# ਪੰਜਾਬੀਆਂ ਦੀਆਂ ਜਾਨਾਂ?

ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਬੜੇ ਸਖ਼ਤ ਸ਼ਬਦਾਂ ਵਿੱਚ ਪੰਜਾਬ ਅਤੇ ਹਰਿਆਣਾ ਸਰਕਾਰਾਂ ਨੂੰ ਹਦਾਇਤ ਕਰਦਿਆਂ ਸ਼ਰਾਬ ਦੇ ਖੋਖਿਆਂ ਨੂੰ ਕੌਮੀ ਰਾਜ ਮਾਰਗ ਤੋਂ ਹਟਾਉਣ ਦੇ ਮਾਮਲੇ ਵਿੱਚ ਆਖਰੀ ਮੌਕਾ ਦਿੰਦੇ ਹੋਏ ਇਕ ਮਹੀਨੇ ਦਾ ਵਕਤ ਦਿੱਤਾ ਹੈ। ਚੀਫ਼ ਜਸਟਿਸ ਸੰਜੇ ਕਿਸ਼ਨ ਕੌਲ ਦੀ ਅਗਵਾਈ ਵਾਲੇ ਬੈਂਚ ਨੇ ਪੰਜਾਬ ਸਰਕਾਰ ਦੀ, ਸ਼ਰਾਬ ਦੇ ਖੋਖਿਆਂ ਨੂੰ ਕੌਮੀ ਰਾਜ ਮਾਰਗ ਤੋਂ ਹਟਾਉਣ ਦੀ ਇੱਛਾ ਸ਼ਕਤੀ 'ਤੇ ਸ਼ੱਕ ਜ਼ਾਹਰ ਕੀਤਾ ਹੈ। ਸਤੰਬਰ 2013 ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਅਤੇ ਹਰਿਆਣਾ ਸਰਕਾਰ ਨੂੰ ਸ਼ਰਾਬ ਦੇ ਖੋਖਿਆਂ ਨੂੰ ਕੌਮੀ ਰਾਜ ਮਾਰਗ ਤੋਂ ਹਟਾਉਣ ਦੀ ਹਦਾਇਤ ਦਿੱਤੀ ਸੀ ਜੋ ਕਿ ਨੈਸ਼ਨਲ ਹਾਈਵੇ ਦੇ ਅਸੂਲਾਂ ਦੀ ਉਲੰਘਣਾ ਹੈ। ਪਾਣੀਪਤ ਤੋਂ ਜਲੰਧਰ ਕੌਮੀ ਰਾਜ ਮਾਰਗ 'ਤੇ ਅਜਿਹੇ 185 ਖੋਖੇ ਹਨ। ਨਿਯਮ ਅਨੁਸਾਰ, ਕਿਸੇ ਵੀ ਰਾਜ ਜਾਂ ਕੌਮੀ ਮਾਰਗ ਦੇ 150 ਗਜ਼ ਦੇ ਦਾਇਰੇ ਵਿੱਚ ਕੋਈ ਖੋਖਾ ਨਹੀਂ ਹੋਣਾ ਚਾਹੀਦਾ। ਜੁਲਾਈ, 2013 ਵਿੱਚ ਹਾਈ ਕੋਰਟ ਨੇ ਪੰਜਾਬ ਅਤੇ ਹਰਿਆਣਾ ਸਰਕਾਰ ਨੂੰ ਸ਼ਰਾਬ ਦੇ ਨਵੇਂ ਖੋਖਿਆਂ ਦੇ ਲਾਈਸੈਂਸ ਦੇਣ ਤੋਂ ਰੋਕਿਆ ਸੀ। ਸਰਕਾਰ ਵੱਲੋਂ ਕਾਫ਼ੀ ਦਲੀਲਾਂ ਪੇਸ਼ ਕੀਤੀਆਂ ਗਈਆਂ। ਇਨ੍ਹਾਂ ਵਿੱਚੋਂ ਸਭ ਤੋਂ ਵੱਡੀ ਦਲੀਲ ਸੀ ਕਿ ਖੋਖੇ ਹਟਾਉਣ ਨਾਲ 215 ਕਰੋੜ ਰੁਪਏ ਦਾ ਨੁਕਸਾਨ ਹੋ ਜਾਏਗਾ।

ਸਰਕਾਰ ਦੀ ਟਾਲ ਮਟੋਲ ਤੋਂ ਖਿੱਝ ਕੇ ਦੋਹਾਂ ਜੱਜਾਂ ਨੇ ਸਰਕਾਰੀ ਵਕੀਲਾਂ ਨੂੰ ਕਿਹਾ, "ਤੁਹਾਨੂੰ ਕੋਈ ਡਰ ਨਹੀਂ ਨਿਯਮਾਂ ਨੂੰ ਤੋੜਨ ਦਾ?"

ਪੰਜਾਬ ਸਰਕਾਰ ਦੇ ਵਕੀਲ ਨੂੰ ਕਿਹਾ ਗਿਆ ਕਿ 'ਅਦਾਲਤ ਸਰਕਾਰ ਦੇ ਕੰਮ ਕਰਨ ਦੇ ਤਰੀਕੇ ਤੋਂ ਬਿਲਕੁਲ ਸੰਤੁਸ਼ਟ ਨਹੀਂ।' ਸਾਡੇ ਸੰਵਿਧਾਨ ਵਿੱਚ ਰਾਜ ਦੀ ਭੂਮਿਕਾ ਵਿਸਥਾਰ ਨਾਲ ਦੱਸੀ ਗਈ ਹੈ। ਰਾਜ ਦਾ ਫ਼ਰਜ਼ ਹੈ ਕਿ ਉਹ ਰਾਜ ਵਿੱਚ ਲੋਕਾਂ ਦੇ ਪਾਲਣ-ਪੋਸ਼ਣ ਅਤੇ ਰਹਿਣ-ਸਹਿਣ ਦਾ ਪੱਧਰ ਉੱਚਾ ਚੁੱਕੇ। ਰਾਜ ਦਾ ਕੰਮ ਨਸ਼ੀਲੇ ਪਦਾਰਥਾਂ



ਅਤੇ ਦਵਾਈਆਂ ਜੋ ਕਿ ਸਿਹਤ ਲਈ ਹਾਨੀਕਾਰਕ ਹਨ, ਦੀ ਵਰਤੋਂ 'ਤੇ ਰੋਕ ਲਾਉਣ ਦੇ ਨਾਲ-ਨਾਲ ਲੋਕਾਂ ਦਾ ਇਲਾਜ ਕਰਨਾ ਹੈ। ਪਰ ਜੇ ਰਾਜ, ਸ਼ਰਾਬ ਅਤੇ ਹੋਰ ਨਸ਼ੀਲੇ ਪਦਾਰਥ ਵੇਚ ਕੇ ਆਪਣੀ ਆਮਦਨ ਵਧਾਉਣ ਵੱਲ ਲੱਗ ਗਏ ਹਨ ਤਾਂ ਇਸ ਦਾ ਮਤਲਬ ਹੈ ਕਿ ਉਹ ਸੰਵਿਧਾਨ ਦੇ ਦੱਸੇ ਹੋਏ ਰਸਤੇ ਤੋਂ ਭਟਕ ਗਏ ਹਨ।

ਪਿਛਲੇ ਸਾਲ ਸ਼ਰਾਬ ਦੇ ਖੋਖਿਆਂ ਦੇ ਲਾਈਸੰਸਾਂ ਤੋਂ ਲਗਪਗ 4000 ਕਰੋੜ ਦੀ ਆਮਦਨ ਹੋਈ। ਭਾਰਤ ਵਿੱਚ ਤਕਰੀਬਨ ਹਰ ਮਿੰਟ ਵਿੱਚ ਇਕ ਜਾਨ ਚਲੀ ਜਾਂਦੀ ਹੈ ਸੜਕ ਹਾਦਸੇ ਵਿੱਚ। ਇਨ੍ਹਾਂ ਮਰਨ ਵਾਲਿਆਂ ਵਿੱਚ 40% ਸ਼ਰਾਬ ਦੇ ਨਸ਼ੇ ਵਿੱਚ ਮਦਹੋਸ਼ ਹੁੰਦੇ ਹਨ। 2010 ਵਿੱਚ ਭਾਰਤ ਵਿੱਚ ਸਭ ਤੋਂ ਵੱਧ ਮੌਤਾਂ ਹੋਈਆਂ ਸੜਕ ਹਾਦਸਿਆਂ ਵਿੱਚ। ਜਦ ਭਾਰਤ ਵਿੱਚ ਸੜਕ ਹਾਦਸਾ ਹੁੰਦਾ ਹੈ ਤਾਂ 30 ਫ਼ੀ ਸਦੀ ਹਾਲਤਾਂ ਵਿੱਚ ਹਾਦਸਾ-ਗ੍ਰਸਤ ਬੰਦਿਆਂ ਬਾਰੇ ਅੰਦਾਜ਼ਾ ਹੁੰਦਾ ਹੈ ਕਿ ਉਹ ਬਚ ਨਹੀਂ ਸਕਣਗੇ, ਕਿਉਂਕਿ ਚਾਲਕ ਜ਼ਿਆਦਾਤਰ ਮਰਦ ਹੁੰਦੇ ਹਨ। ਜ਼ਿਆਦਾ ਮੌਤਾਂ ਮਰਦਾਂ ਦੀਆਂ ਹੀ ਹੁੰਦੀਆਂ ਹਨ। ਉਨ੍ਹਾਂ ਵਿੱਚੋਂ 33% 20 ਤੋਂ 50 ਸਾਲ ਦੀ ਉਮਰ ਦੇ ਹੁੰਦੇ ਹਨ। ਸਰਕਾਰਾਂ ਸ਼ਾਇਦ ਕਮਜ਼ੋਰ ਸਲਾਹਕਾਰਾਂ 'ਤੇ ਭਰੋਸਾ ਕਰ ਰਹੀਆਂ ਹਨ ਜਾਂ ਕਿਤੇ ਹਕੀਕਤ ਤੋਂ ਪਰ੍ਹੇ ਹੀ ਰਹਿ ਜਾਂਦੀਆਂ ਹਨ। ਹਰਿਆਣਾ ਦੇ ਸਿਰਸਾ ਇਲਾਕੇ ਵਿੱਚ ਇਕ ਮਹੀਨੇ ਦੀ ਦੁੱਧ ਤੋਂ ਆਮਦਨ 15 ਲੱਖ ਅਤੇ ਸ਼ਰਾਬ ਤੋਂ 75 ਲੱਖ ਸੀ।

ਇੱਥੇ ਸਰਕਾਰਾਂ ਹੀ ਕਸੂਰਵਾਰ ਹਨ। ਸਾਡੇ ਰਾਜ ਮਾਰਗਾਂ 'ਤੇ ਜਿੰਨੇ ਖੋਖੇ ਖੁਲ੍ਹਣਗੇ, ਓਨਾ ਹੀ ਖ਼ਤਰਾ ਹੈ ਸ਼ਰਾਬ ਦੇ ਨਸ਼ੇ ਵਿੱਚ ਸੜਕੀ ਹਾਦਸਿਆਂ ਅਤੇ ਮੌਤਾਂ ਦਾ। ਸ਼ਰਾਬ ਦੀ ਵਰਤੋਂ ਘਟਾਉਣ ਵਿੱਚ ਸਰਕਾਰਾਂ ਨੂੰ ਵੱਡੀ ਭੂਮਿਕਾ ਨਿਭਾਉਣੀ ਚਾਹੀਦੀ ਹੈ। ਪਾਬੰਦੀਆਂ ਜ਼ਰੂਰੀ ਹੋਣੀਆਂ ਚਾਹੀਦੀਆਂ ਹਨ। ਸ਼ਰਾਬ ਪੀ ਕੇ ਗੱਡੀ ਚਲਾਉਣ 'ਤੇ ਚਲਾਨ ਕੱਟਣ ਨਾਲ ਵੀ ਇਸ ਸਮੱਸਿਆ ਦਾ ਹੱਲ ਹੋ ਸਕਦਾ ਹੈ। ਪਰ ਜਦ ਸ਼ਰਾਬ ਨਾਲ ਸਰਕਾਰੀ ਤਿਜੌਰੀਆਂ ਭਰੀਆਂ ਜਾਂਦੀਆਂ ਹਨ ਤਾਂ ਹਾਈ ਕੋਰਟ ਦਾ ਕਹਿਣਾ ਹੈ ਕਿ 'ਪੰਜਾਬ ਅਤੇ ਹਰਿਆਣਾ ਸਰਕਾਰ ਦੀ ਇੱਛਾ ਸ਼ਕਤੀ ਵਿੱਚ ਕੋਈ ਕਮੀ ਹੈ' ਬਿਲਕੁਲ ਸਹੀ ਲੱਗਦਾ ਹੈ।

-ਨਿਮਰਤ ਕੌਰ, ਸਹਾਇਕ ਐਡੀਟਰ,
ਪੰਜਾਬੀ ਜਾਗਰਣ

## ਵੀਰੋ ਤਰਸ ਕਰੋ ਸਾਡੇ ’ਤੇ

ਗੁਰਪ੍ਰੀਤ ਸਿੰਘ ਸਿੱਧੂ

ਮੁਸ਼ਕਲ ਵੱਡੀ ਹੈ ਸਮਝ ਨਹੀਂ ਆਉਂਦੀ; ਲੀਡਰ ਸਾਹਿਬਾਨ ਜਾਂ ਕਾਨੂੰਨ ਦੇ ਰੱਖਿਅਕ, ਸ਼ਿਕਾਰ ਜਾਂ ਸ਼ਿਕਾਰੀ ਕਿਸ ਨੂੰ ਮੁਖ਼ਾਤਬ ਹੋ ਕੇ ਤਰਲਾ ਮਾਰਾਂ; ਪ੍ਰੰਤੂ ਸਿੱਧੇ ਕਾਰਕਾਂ ਨੂੰ ਹੀ ਹਲੂਣ ਕੇ ਦੇਖਦੇ ਹਾਂ। ਆਖ਼ਰ ਉਹ ਵੀ ਤਾਂ ਸਾਡੇ ਆਪਣੇ ਹੀ ਹਨ ਮੇਰੇ ਵੀਰ ਹਮਸਾਏ, ਮੇਰੀ ਬੋਲੀ ਜਾਂ ਧਰਮ ਵਾਲੇ। ਕਹਿੰਦੇ “ਆਪਣਾ ਵੱਢੂ ਛਾਵੇਂ ਸੁੱਟੂ’, ਸ਼ਾਇਦ ਉਨ੍ਹਾਂ ਦੇ ਮਨ ਵਿੱਚ ਮਿਹਰ ਪੈ ਜਾਵੇ ਤੇ ਕੋਈ ਆਖਰੀ ਖ਼ੁਸ਼ਹਾਲੀ ਦੀ ਕਿਰਨ ਦੇਖਣ ਲਈ ਪੰਜਾਬੀਆਂ ਦੀ ਅਗਲੀ ਪੀੜ੍ਹੀ ਇਸ ਨਸ਼ਿਆਂ ਦੀ ਮਾਰੂ ਹਨੇਰੀ ਤੋਂ ਪਾਰ ਪਾ ਸਕੇ ।

ਮੇਰੀ ਇਹ ਸਮਝ ਵਿੱਚ ਆਉਂਦੀ ਹੈ ਕਿ ਜੇ ਤੁਸੀਂ ਵੀਰੋ ਨਸ਼ੇ ਨਾ ਵੇਚੋ ਤਾਂ ਤੁਸੀਂ ਵੀ ਬਹੁਗਿਣਤੀ ਪੰਜਾਬੀਆਂ ਦੀ ਤਰ੍ਹਾਂ ਬੇਰੁਜ਼ਗਾਰ ਹੋ ਜਾਵੋਗੇ। ਸ਼ਾਇਦ ਹੁਣ ਤੁਸੀਂ ਐਸ਼ੋ-ਇਸ਼ਰਤ ਦੀ ਜ਼ਿੰਦਗੀ ਜਿਊਂਦੇ ਹੋਵੋ ਤੇ ਕੰਮ ਛੱਡਣ ਤੋਂ ਬਾਅਦ ਤੁਹਾਡੀ ਇਕ ਵੱਡੀ ਕਾਰ ਘੱਟ ਹੋ ਜਾਵੇ ਜਾਂ ਤੁਹਾਡੇ ਚੁੱਲ੍ਹੇ ਬਲਣੇ ਵੀ ਔਖੇ ਹੋ ਜਾਣ; ਪਰ ਉਹ ਠੰਢਾ ਚੁੱਲ੍ਹਾ ਵੀ ਹੁਣ ਵਾਲੇ ਉਸ ਚੁੱਲ੍ਹੇ ਨਾਲੋਂ ਕਿਤੇ ਬਿਹਤਰ ਹੋਊ, ਜਿਸ ਦੀ ਅੱਗ ਕਿਸੇ ਦੇ ਜਵਾਨ ਪੁੱਤਰ ਦੇ ਸਿਵੇ ’ਚੋਂ ਉਧਾਰੀ ਲਈ ਹੋਈ ਆ । ਰਾਵਣ ਦੀ ਔਲਾਦ ਤਾਂ ਤੁਸੀਂ ਵੀ ਨਹੀਂ, ਬਸ ਹਾਲਾਤ ਦਾ ਸ਼ਿਕਾਰ ਜਾਂ ਕੁਝ ਕੁ ਮੌਕਾਪ੍ਰਸਤਾਂ ਦੇ ਭਰਮਾਏ ਹੋਏ ਹੋ। ਐ ਸੌਦਾਗਰੋ! ਮੈਂ ਤੁਹਾਡੀ ਹਿੰਮਤ ਤੇ ਸਿਆਣਪ ਦੀ ਦਾਦ ਦਿੰਦਾ ਹੈ, ਪਰ ਤੁਹਾਡੇ ਚੁਣੇ ਹੋਏ ਰਸਤੇ ਨੂੰ ਦੁਰਕਾਰਦਾ ਹਾਂ। ਰੇਤ ਦੇ ਕਿਲ੍ਹੇ ਥੋੜ੍ਹਚਿਰੇ ਹੁੰਦੇ ਹਨ । ਜਲਦੀ ਵਧਣ ਵਾਲੇ ਪਾਪੂਲਰ ਰੁੱਖ ਦੀ ਲੱਕੜੀ ਤੋਂ ਸਿਰਫ਼ ਮਾਚਸ ਦੀਆਂ ਤੀਲਾਂ ਹੀ ਬਣਦੀਆਂ, ਟਿਕਾਊ ਤਾਂ ਚੰਦਨ, ਸਾਗਵਾਨ ਦੇਵਦਾਰ ਤੇ ਟਾਹਲੀ ਦੀਆਂ ਲੱਕੜਾਂ ਹੀ ਹੁੰਦੀਆਂ ਹਨ ਜੋ ਆਪਣੇ ਬਲਬੂਤੇ ਖ਼ੁਸ਼ਬੂ ਖਿਲਾਰਦੀਆਂ ਹੌਲੀ-ਹੌਲੀ ਪ੍ਰਵਾਨ ਚੜ੍ਹਦੀਆਂ ਹਨ। ਮੈਂ ਮੰਨਦਾ ਹਾਂ ਕਿ ਅੱਜ ਤੁਹਾਡੀ ਤੂਤੀ ਬੋਲਦੀ ਹੈ ਪਰ ਹਨੇਰਾ ਹਟਦਿਆਂ ਦੇਰ ਨਹੀਂ



ਲੱਗਦੀ । ਇਕ ਉੱਚੀ ਕੁਰਸੀ ’ਤੇ ਬਿਰਾਜਮਾਨ ਵਰਦੀ ਵਾਲੇ ਸੱਜਣ ਦੇ ਮੂੰਹੋਂ ਮੈਂ ਆਪ ਸੁਣਿਆ ਕਿ ‘ਜੇ ਦੋ ਮਹਾਂਰਥੀ ਅਸੀਂ ਨੇਤਾ ਜੀ ਦੀ ਸਿਫ਼ਾਰਸ਼ ’ਤੇ ਛੱਡੀਦੇ ਆ ਤਾਂ ਅੱਠ ਅਸੀਂ ਗਾਂਧੀ ਜੀ ਦੀ ਸਿਫ਼ਾਰਸ਼ ’ਤੇ (ਭਾਵ ਆਪਣੀ ਜੇਬ ਗਰਮ ਹੋਣ ਪਿੱਛੋਂ) ਛੱਡ ਦੇਈਦੇ ਆ’, ਭਾਵ ਹਰ ਹਾਲਤ ਵਿੱਚ ਜੈ ਤੁਹਾਡੀ ਹੀ ਹੁੰਦੀ ਹੈ। ਤੁਸੀਂ ਸ਼ਕਲੋਂ ਸੂਰਤੋਂ ਹੋ ਵੀ ਤਾਂ ਬਿਲਕੁਲ ਸਾਡੇ ਵਰਗੇ ਹੀ, ਸਮਾਜ ’ਚ ਘੁਲੇ ਮਿਲੇ ਦਲੇਰ । ਸੁਣਿਆ ਤੁਹਾਡਾ ਅਸੂਲ ਹੈ ਬਈ ਜੇ ਕਿਸੇ ਦੇ ਨਿਆਣੇ ਨੂੰ ਨਸ਼ੇ ਲਾਉਣਾ ਤੇ ਗਾਹਕ ਬਣਾਉਣਾ ਹੋਵੇ ਤਾਂ ਕੁਝ ਦਿਨ ਉਸ ਨੂੰ ਪੱਲਿਓਂ ਨਸ਼ਾ ਖਵਾਉਣਾ ਪੈਂਦਾ ਹੈ ਭਾਵ ਮੁਫ਼ਤ, ਇਕ ਵਾਰ ਆਦਤ ਪੈ ਗਈ ਤਾਂ ਤੁਹਾਡੀਆਂ ਪੌ ਬਾਰ੍ਹਾਂ । ਮੁਗ਼ਲ ਅਫ਼ਗਾਨ ਜਾਂ ਅੰਗਰੇਜ਼ ਤਾਂ ਦਿਖ ਤੋਂ ਵੱਖਰੇ ਸਨ, ਭਾਸ਼ਾ ਪੱਖੋਂ ਵੀ ਵਖਰੇਵਾਂ ਸੀ । ਉਨ੍ਹਾਂ ਤੋਂ ਬਚਣਾ ਤੇ ਸੁਚੇਤ ਰਹਿਣਾ ਤਾਂ ਕੁਝ ਸੌਖਾ ਸੀ । ਲੁੱਟ-ਖਸੁੱਟ ਉਨ੍ਹਾਂ ਵੀ ਰੱਜ ਕੇ ਕੀਤੀ, ਪੰਜਾਬ ਵਿੱਚ ਤਾਂ ਮਸ਼ਹੂਰ ਸੀ ਕਿ ‘ਖਾਧਾ ਪੀਤਾ ਲਾਹੇ ਦਾ ਬਾਕੀ ਅਹਿਮਦ ਸ਼ਾਹੇ ਦਾ’ ਜਾਂ ਖਾ ਪੀ ਲਿਆ ਉਹ ਪੰਜਾਬੀਆਂ ਦਾ ਆਪਣਾ ਬਾਕੀ ਤਾਂ ਲੁੱਟਿਆ ਪੁੱਟਿਆ ਹੀ ਜਾਣਾ ਹੈ। ਪਰ ਤੁਸੀਂ ਤਾਂ ਫੁੱਟਦੀ ਕਰੂੰਬਲ ਨੋਚ ਕੇ ਖਾਣ-ਪੀਣ ਜੋਗਾ ਵੀ ਨਹੀਂ ਛੱਡਦੇ । ਫਿਰ ੧੯੪੭ ਵੇਲੇ ਦੀ ਦੇਸ਼ ਦੀ ਵੰਡ, ਕੱਟ-ਵੱਢ, ਘਰੋਂ ਬੇਘਰ ਹੋਣ ਦੀ ਤਰਾਸਦੀ ਤੇ ਪਾਕਿਸਤਾਨ ਨਾਲ ਦੋ ਵੱਡੀਆਂ ਜੰਗਾਂ ਦਾ ਦਰਦ ਵੀ ਪੰਜਾਬੀਆਂ ਨੂੰ ਹੀ ਹੰਢਾਉਣਾ ਪਿਆ। ਪਰ ਤੁਸੀਂ ਤਾਂ ਕੁੱਛੜ ਬਹਿ ਦਾੜ੍ਹੀ ਖੋਅ ਤੀ, ਸਭ ਤੋਂ ਡੂੰਘੀ ਸੱਟ ਤਾਂ ਤੁਸੀਂ ਪੰਜਾਬ ਨੂੰ ਮਾਰੀ, ਜਵਾਨੀ ਨੂੰ ਆਪਣੇ ਚੁੰਗਲ ਵਿੱਚ ਫਸਾ ਕੇ। ਤੁਹਾਡੇ ਦੁਆਰਾ ਫੈਲਾਏ ਨਸ਼ੇ ਪੰਜਾਬੀਆਂ ਦੀ ਨਸਲ ਗਰਕ ਕਰਨ ਦਾ ਕਾਰਨ ਬਣ ਰਹੇ ਹਨ ।

ਸੌਦਾਗਰੋ! ਤੁਹਾਡੇ ਕਾਰਨ ਪੰਜਾਬ ਵਿੱਚ ਹੋਰ ਕਾਰੋਬਾਰ ਵੀ ਵਧੇ-ਫੁੱਲੇ ਆ ਸਿਵਿਆਂ ਦੀਆਂ ਲੱਕੜਾਂ ਅਤੇ ਚਿੱਟੀਆਂ ਚੁੰਨੀਆਂ ਦੇ । ਕਈ ਮਾਵਾਂ, ਭੈਣਾਂ, ਧੀਆਂ, ਆਪਣੇ ਸਿਰ ਦੇ ਸਾਈਂ, ਭਰਾ, ਪੁੱਤਰ ਗੁਆ ਕੱਖੋਂ ਹੌਲੀਆਂ ਹੋਈ ਬੈਠੀਆਂ ਤੇ ਕੁਝ ਹੋਣ ਕਿਨਾਰੇ ਨੇ ।

ਸੌਦਾਗਰੋ! ਤੁਸੀਂ ਦੋ ਕੰਮ ਇਕੱਠੇ ਕਰ ਰਹੇ ਹੋ—ਇਕ ਘੱਟ ਮਾਰੂ

ਨਸ਼ੇ ਦਾ ਉਤਪਾਦਨ ਤੇ ਇਕ ਮਹਾਂਮਾਰੂ ਨਸ਼ੇ ਦੀ ਦਰਾਮਦ । ਤੁਸੀਂ ਇਕੱਲੇ ਤਾਂ ਐਨੇ ਹਿੰਮਤੀ ਨਹੀਂ ਕਿ ਪਾਕਿਸਤਾਨੋ ਨਸ਼ੇ ਮੰਗਾ ਕੇ ਇੱਧਰ ਵੇਚ ਸਕੋ, ਜੇ ਏਦਾਂ ਹੁੰਦਾ ਤਾਂ ਉੱਧਰ ਕਣਕ ਵੀ ਇੱਧਰ ਨਾਲੋਂ ਢਾਈ ਗੁਣਾਂ ਭਾਅ ਦੀ ਆ, ਉਹ ਤੇ ਕਦੀ ਤੁਸੀਂ ਚੋਰੀ ਉੱਧਰ ਨਹੀਂ ਭੇਜ ਦਿੱਤੀ? ਕੋਈ ਸ਼ੱਕ ਨਹੀਂ ਕਿ ਬਾਰਡਰ ਕੇਂਦਰ ਅਧੀਨ ਹੈ ਪਰ ਸਹਿਯੋਗ ਤੁਹਾਨੂੰ ਰਾਜ ਸਰਕਾਰਾਂ ਦਾ ਵੀ ਪੂਰਾ ਹੈ । ਤੁਸੀਂ ਆਪਣੇ-ਆਪਣੇ ਸਿਆਸੀ ਸਰਪ੍ਰਸਤਾਂ ਨੂੰ ਹਿੱਸਾ ਦਿੰਦੇ ਹੋ ਤਾਂ ਜੋ ਪੁਲਿਸ ਤੁਹਾਡਾ ਕੰਮ ਨਾ ਬੰਦ ਕਰਵਾਏ । ਫ਼ਾਇਦਾ ਉਠਾਓ ਜਿੰਨਾ ਚਿਰ ਸਰਕਾਰੀ ਕਮਜ਼ੋਰ ਸਿਆਸੀ ਇੱਛਾ ਸ਼ਕਤੀ ਦਾ ਉਠਾਇਆ ਜਾ ਸਕਦਾ; ਪਰ ਯਾਦ ਰੱਖੋ ਤਬਦੀਲੀ ਜੀਵਨ ਦਾ ਨਿਯਮ ਹੈ । ਜਦ ਕੋਈ ਮਜ਼ਬੂਤ ਇਰਾਦੇ ਵਾਲਾ ਰਹਿਨੁਮਾ ਆਇਆ ਤਾਂ ਤੁਹਾਡਾ ਘਾਣ ਨਿਸ਼ਚਿਤ ਹੈ । ਪਹਿਲਾਂ ਤਾਂ ਤੁਸੀਂ ਧਨਾਢਾਂ ਨੂੰ ਹੀ ਆਪਣਾ ਸ਼ਿਕਾਰ ਬਣਾਉਂਦੇ ਸੀ ਹੁਣ ਤਾਂ ਦਿਹਾੜੀਦਾਰ ਤੇ ਮਜ਼ਦੂਰ ਤਬਕਾ ਵੀ ਤੁਹਾਡੇ ਜ਼ੁਲਮ ਦੀ ਚੱਕੀ ਵਿੱਚ ਪਿਸ ਰਿਹਾ ਹੈ । ਨਸ਼ੇ ਉਨ੍ਹਾਂ ਨੂੰ ਮੁਸ਼ੱਕਤ ਕਰਨ ਦੇ ਕਾਬਲ ਨਹੀਂ ਛੱਡਦੇ ਤੇ ਫਿਰ ਚੋਰੀਆਂ, ਲੁੱਟਾਂ ਤੇ ਡਾਕਿਆਂ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ ।

ਜੇ ਦੂਜੇ ਦੇ ਘਰ ਦੀ ਅੱਗ ਅੱਜ ਬੈਸੰਤਰ ਜਾਪਦੀ ਹੈ, ਕੱਲ੍ਹ ਜਦ ਤੁਹਾਡੇ ਆਪਣੇ ਘਰ ਵੜੂ ਤਾਂ ਸਭ ਸਵਾਹ ਕਰਦੂ । ਤੁਹਾਡੇ ਆਪਣੇ ਪੁੱਤ ਪੋਤਰੇ ਲੇਖੇ ਲੱਗੇ ਤਾਂ ਤੁਹਾਡੀਆਂ ਤਾਰਾਂ 'ਤੇ ਵੀ ਚਿੱਟੀਆਂ ਚੁੰਨੀਆਂ ਹੀ ਨਜ਼ਰੀਂ ਪੈਣਗੀਆਂ। ਵੇਲਾ ਜੇ ਅਜੇ ਵੀ ਸੰਭਾਲੋ, ਜਗਾਓ ਆਪਣੇ ਜ਼ਮੀਰ ਤੇ ਛੱਡੋ ਕਾਵਾਂ ਵਾਂਗ ਆਪਣੇ ਸਮਾਜ ਨੂੰ ਚੂੰਢਣਾ । ਅਨਪੜ੍ਹਤਾ, ਬੇਰੁਜ਼ਗਾਰੀ ਭ੍ਰਿਸ਼ਟਾਚਾਰ, ਮਹਿੰਗਾਈ ਤੇ ਮਹਿੰਗੇ ਇਲਾਜ ਦੇ ਦੈਂਤਾਂ ਨੇ ਪਹਿਲਾਂ ਹੀ ਮਾਸ ਦੀ ਕੋਈ ਟਾਵੀਂ ਟਾਵੀਂ ਬੋਟੀ ਪੰਜਾਬੀਆਂ ਦੇ ਪਿੰਡੇ ਛੱਡੀ ਹੈ , ਹੁਣ ਤੁਸੀਂ ਵੀਰ ਜੀ ਤਰਸ ਕਰੋ ਸਾਡੇ 'ਤੇ ।

ਸੰਪਰਕ: 9814075988

-0-



## ਕੀ ਸਹੀ ਰਾਹ 'ਤੇ ਜਾ ਰਹੀ ਹੈ ਨਸ਼ਾ ਵਿਰੋਧੀ ਮੁਹਿੰਮ?

ਪ੍ਰੋ: ਲਕਸ਼ਮੀ ਕਾਂਤਾ ਚਾਵਲਾ

ਵਰ੍ਹਿਆਂ ਤਕ ਪੰਜਾਬ ਸਰਕਾਰ, ਪ੍ਰਬੰਧਕੀ ਅਧਿਕਾਰੀ ਅਤੇ ਨੇਤਾ ਸੁੱਤੇ ਰਹੇ। ਉਂਞ ਇਹ ਕਹਿਣਾ ਗ਼ਲਤ ਹੈ ਕਿ 'ਸੁੱਤੇ ਰਹੇ', ਇਸ ਲਈ ਢੁਕਵਾਂ ਸ਼ਬਦ ਹੈ 'ਮਚਲੇ' ਬਣੇ ਰਹੇ। ਸੰਨ 2014 ਦੀਆਂ ਲੋਕ ਸਭਾ ਚੋਣਾਂ ਵਿੱਚ ਪੰਜਾਬ ਸਰਕਾਰ ਨੂੰ ਉਹ ਸਫਲਤਾ ਨਹੀਂ ਮਿਲੀ ਜੋ ਪੂਰੇ ਦੇਸ਼ ਵਿੱਚ ਮੋਦੀ ਲਹਿਰ ਦੇ ਨਾਂਅ 'ਤੇ ਹਾਸਲ ਹੋਈ । ਇਸ ਹਾਰ ਤੋਂ ਸਰਕਾਰ ਵਿਆਕੁਲ ਹੋਈ ਅਤੇ ਲੋਕਾਂ ਦੀ ਆਵਾਜ਼ ਸੁਣਨ ਲਈ ਮਜ਼ਬੂਰ ਵੀ । ਚੋਣਾਂ ਦੌਰਾਨ ਜਨਤਾ ਸ਼ਰੇਆਮ ਸਰਕਾਰ ਦਾ ਵਿਰੋਧ ਕਰ ਰਹੀ ਸੀ। ਜਿੱਥੇ ਰੇਤ, ਬੱਜਰੀ ਦੀ ਬਲੈਕ, ਮਹਿੰਗਾਈ ਅਤੇ ਭ੍ਰਿਸ਼ਟਾਚਾਰ ਬਹੁਤ ਵੱਡਾ ਕਾਰਨ ਸੀ, ਉੱਥੇ ਪੰਜਾਬ ਦੇ ਲੋਕੀਂ ਨਸ਼ਿਆਂ ਤੋਂ ਵੀ ਦੁਖੀ ਸਨ । ਸਾਰਿਆਂ ਦਾ ਵਿਸ਼ਵਾਸ ਬਣ ਗਿਆ ਸੀ ਕਿ ਨਸ਼ੇ ਸਰਕਾਰ ਦੇ ਕਾਬੂ ਵਿੱਚ ਤਾਂ ਨਹੀਂ, ਪਰ ਸਰਕਾਰ ਸੰਭਾਲ ਰਹੇ ਕੁਝ ਅਖੌਤੀ ਵੀ.ਆਈ.ਪੀਜ਼ ਦੀ ਜਾਣਕਾਰੀ ਅਤੇ ਸਰਪ੍ਰਸਤੀ ਹੇਠ ਵਿਕ ਰਹੇ ਹਨ ।

ਜਨਵਰੀ 2014 ਤੋਂ ਅਪ੍ਰੈਲ ਦੇ ਮਹੀਨੇ ਤਕ ਕੁਝ ਅਜਿਹੇ ਨਸ਼ਾ ਤਸਕਰ ਵੀ ਫੜੇ ਗਏ ਜਿਨ੍ਹਾਂ ਨੇ ਪੁਲਿਸ ਹਿਰਾਸਤ ਵਿੱਚ ਪੁੱਛਗਿੱਛ ਦੌਰਾਨ ਪੰਜਾਬ ਦੇ ਵੱਡੇ ਨੇਤਾਵਾਂ ਦਾ ਨਾਂਅ ਲਿਆ। ਇਨ੍ਹਾਂ ਵਿੱਚ ਕੁਝ ਕਾਨੂੰਨ ਦਾ ਸਾਹਮਣਾ ਵੀ ਕਰ ਰਹੇ ਹਨ, ਕਿਸੇ ਨੂੰ ਸਰਕਾਰ ਤੋਂ ਅਸਤੀਫ਼ਾ ਦੇਣਾ ਪਿਆ ਅਤੇ ਕੁਝ ਸ਼ੱਕ ਦੇ ਦਾਇਰੇ ਵਿੱਚ ਤਾਂ ਹਨ ਪਰ ਕਾਨੂੰਨ ਦੇ ਘੇਰੇ ਵਿੱਚ ਨਹੀਂ। ਜੋ ਕੁਝ ਪਿਛਲੇ ਸਾਲਾਂ ਵਿੱਚ ਹੋਇਆ ਉਹ ਪੰਜਾਬ ਅਤੇ ਦੇਸ਼ ਲਈ ਚਿੰਤਾਜਨਕ ਹੈ । ਇਸ ਦਾ ਨਤੀਜਾ ਇਹ ਨਿਕਲਿਆ ਹੈ ਕਿ ਅੱਜ ਇਕ ਲੱਖ ਤੋਂ ਵਧੇਰੇ ਨੌਜਵਾਨ ਅਜਿਹੇ ਹਨ ਜਿਨ੍ਹਾਂ ਨੂੰ ਪੁਲਿਸ ਵੱਲੋਂ ਨਸ਼ੇੜੀ ਜਾਂ ਨਸ਼ਾ ਤਸਕਰ ਹੋਣ ਦੇ ਨਾਂਅ 'ਤੇ ਗਿਫ਼੍ਰਤਾਰ ਕੀਤਾ ਜਾ ਰਿਹਾ ਹੈ ਜਾਂ ਉਨ੍ਹਾਂ ਵਿੱਚ ਕੁਝ ਆਪ ਹੀ ਨਸ਼ਾ ਛੁਡਾਊ ਕੇਂਦਰਾਂ ਵਿੱਚ ਪਹੁੰਚ ਰਹੇ ਹਨ । ਇਕ

ਭਿਆਨਕ ਸੱਚ ਇਹ ਹੈ ਕਿ ਵੱਧ ਤੋਂ ਵੱਧ ਨਸ਼ੇ ਦੇ ਵਪਾਰੀਆਂ ਨੂੰ ਫੜਨ ਦੀ ਦੌੜ ਵਿੱਚ ਬਹੁਤ ਸਾਰੇ ਅਜਿਹੇ ਕਦਮ ਵੀ ਪੰਜਾਬ ਪੁਲਿਸ ਉਠਾ ਰਹੀ ਹੈ ਜੋ ਸਰਕਾਰ ਦੀ ਸਾਖ਼ ਉੱਤੇ ਧੱਬਾ ਹਨ ਅਤੇ ਜਨਤਾ ਦੇ ਗੁੱਸੇ ਦਾ ਕਾਰਨ ਵੀ ਬਣ ਰਹੇ ਹਨ । ਸੰਨ 2017 ਦੀਆਂ ਚੋਣਾਂ ਤਕ ਇਹ ਗੁੱਸਾ ਉਸ ਬੇਚੈਨੀ ਤੋਂ ਹੋਰ ਵੀ ਵੱਡਾ ਹੋ ਜਾਵੇਗਾ ਜਿਸ ਕਾਰਨ 2014 ਵਿੱਚ ਭਾਜਪਾ-ਅਕਾਲੀ ਦਲ ਨੂੰ ਪੰਜਾਬ ਵਿੱਚ ਸਫਲਤਾ ਨਹੀਂ ਮਿਲ ਸਕੀ ਅਤੇ ਕਾਂਗਰਸ ਵੀ ਪਿੱਛੇ ਰਹਿ ਗਈ ਹੈ ।

ਪੁਲਿਸ ਸਰਕਾਰ ਦਾ ਸਭ ਤੋਂ ਪਹਿਲਾਂ ਨਜ਼ਰ ਆਉਣ ਵਾਲਾ ਅੰਗ ਹੈ। ਇਹੀ ਅੰਗ ਅੱਜਕੱਲ੍ਹ ਲੋੜ ਤੋਂ ਵਧੇਰੇ ਹਰਕਤ ਵਿੱਚ ਹੈ । ਅਜੋਕੇ ਮਾਹੌਲ ਵਿੱਚ ਆਪਣੇ ਮਾਲਕਾਂ ਨੂੰ ਖ਼ੁਸ਼ ਕਰਨ ਦੀ ਹੋੜ ਤਹਿਤ ਵੱਧ ਤੋਂ ਵੱਧ ਲੋਕਾਂ ਨੂੰ ਗ੍ਰਿਫ਼ਤਾਰ ਕਰਨਾ, ਕੇਸ ਬਣਾਉਣਾ ਅਤੇ ਗ਼ਲਤ ਕੰਮ ਕਰਕੇ ਵੀ ਆਪਣੀ ਪਿੱਠ ਠੋਕਣਾ ਪੁਲਿਸ ਨੇ ਸ਼ੁਰੂ ਕਰ ਦਿੱਤਾ ਹੈ ਅਤੇ ਲੋਕ ਠੱਗੇ ਜਿਹੇ ਮਹਿਸੂਸ ਕਰ ਰਹੇ ਹਨ । ਜਿਨ੍ਹਾਂ ਦੇ ਪੁੱਤਰ ਨਸ਼ਿਆਂ ਦੀ ਦਲਦਲ ਵਿੱਚ ਹਨ ਉਨ੍ਹਾਂ ਮਾਪਿਆਂ ਦਾ ਦਰਦ ਮਹਿਸੂਸ ਕਰਨ ਦੀ ਕੋਈ ਵੀ ਭਾਵਨਾ ਪੁਲਿਸ ਤੰਤਰ ਵਿੱਚ ਨਹੀਂ । ਇਸ ਲਈ ਨਸ਼ੇ ਦੀ ਇਕ ਪੁੜੀ ਵਰਤ ਕੇ ਤਬਾਹ ਹੋਣ ਵਾਲੇ ਨੌਜਵਾਨਾਂ ਨੂੰ ਵੀ ਨਸ਼ਿਆਂ ਦਾ ਤਸਕਰ ਬਣਾ ਕੇ ਸਾਲਾਂਬੱਧੀ ਜੇਲ੍ਹ ਵਿੱਚ ਸੁੱਟ ਦੇਣ ਲਈ ਪੰਜਾਬ ਪੁਲਿਸ ਬਹੁਤ ਸਰਗਰਮ ਹੋ ਗਈ ਹੈ। *ਇਸੇ ਅੰਨ੍ਹੀ ਦੌੜ ਦਾ ਹੀ ਨਤੀਜਾ ਹੈ ਕਿ ਅੰਮ੍ਰਿਤਸਰ ਦੇ ਰਾਮ ਤੀਰਥ ਰੋਡ 'ਤੇ ਪੁਲਿਸ ਨੇ ਇਕ ਲੜਕੇ ਨੂੰ ਘਰੋਂ ਚੁੱਕਿਆ ਅਤੇ ਥਾਣੇ ਲਿਜਾ ਕੇ 60 ਗ੍ਰਾਮ ਨਸ਼ੀਲਾ ਪਾਊਡਰ ਬਰਾਮਦ ਹੋਣ ਦਾ ਕੇਸ ਦਰਜ ਕਰ ਲਿਆ । ਭਲਾ ਹੋਵੇ, ਨੇੜੇ ਲੱਗੇ ਸੀ.ਸੀ.ਟੀ.ਵੀ. ਕੈਮਰੇ ਦਾ ਜਿਸ ਨੇ ਦੱਸ ਦਿੱਤਾ ਕਿ ਤਲਾਸ਼ੀ ਵਿੱਚ ਨੌਜਵਾਨ ਤੋਂ ਸਿਰਫ਼ 10 ਰੁਪਏ ਨਿਕਲੇ ਸਨ, ਕੋਈ ਨਸ਼ਾ ਨਹੀਂ । ਹੁਸ਼ਿਆਰਪੁਰ ਤੋਂ ਵੀ ਇਸੇ ਤਰ੍ਹਾਂ ਦੀ ਖ਼ਬਰ ਮਿਲੀ, ਉੱਥੇ ਵੀ ਇਕ ਨੌਜਵਾਨ ਨੂੰ ਪੈਟਰੋਲ ਪੰਪ ਤੋਂ ਚੁੱਕਿਆ ਪਰ ਥਾਣੇ ਲਿਜਾ ਕੇ ਐਨ.ਡੀ.ਪੀ. ਐਸ. ਐਕਟ ਤਹਿਤ*



*ਮਾਮਲਾ ਦਰਜ ਕਰ ਦਿੱਤਾ । ਰਿਪੋਰਟ ਵਿੱਚ ਲਿਖਿਆ ਗਿਆ ਹੈ ਕਿ ਪੁਲਿਸ ਨੇ ਉਸ ਨੂੰ ਨਾਕੇ ਤੋਂ ਗ੍ਰਿਫ਼ਤਾਰ ਕੀਤਾ ਹੈ ਅਤੇ ਉਸ ਤੋਂ ਪਾਬੰਦੀਸ਼ੁਦਾ ਕੈਪਸੂਲਾਂ ਦੀ ਬਰਾਮਦਗੀ ਵੀ ਦਿਖਾ ਦਿੱਤੀ ਗਈ । ਇੱਥੇ ਵੀ ਪੈਟਰੋਲ ਪੰਪ 'ਤੇ ਲੱਗੇ ਕੈਮਰਿਆਂ ਦਾ ਹੀ ਧੰਨਵਾਦ ਕਰਨਾ ਹੋਵੇਗਾ ਜਿਨ੍ਹਾਂ ਨੇ ਦੁਨੀਆਂ ਨੂੰ ਦੱਸ ਦਿੱਤਾ ਕਿ ਇਸ ਨੌਜਵਾਨ ਨੂੰ ਪੈਟਰੋਲ ਪੰਪ ਤੋਂ ਪੁਲਿਸ ਜ਼ਬਰਦਸਤੀ ਚੁੱਕ ਕੇ ਲੈ ਗਈ ਅਤੇ ਬਾਅਦ ਵਿੱਚ ਜੋ ਕੁਝ ਕਿਹਾ ਗਿਆ ਉਹ ਸਭ ਕੁਝ ਝੂਠ ਸੀ । ਅੰਮ੍ਰਿਤਸਰ ਵਿੱਚ ਵੀ ਸ਼ਰਾਬ ਦੇ ਠੇਕੇਦਾਰਾਂ ਦੇ ਕਰਿੰਦੇ ਸਿਫ਼ਾਰਸ਼ੀ ਪੁਲਿਸ ਨੂੰ ਲੈ ਕੇ ਕਿਸੇ ਵੀ ਦੁਕਾਨ 'ਤੇ ਸ਼ਰਾਬ ਫੜਨ ਦੇ ਨਾਂਅ 'ਤੇ ਛਾਪਾ ਮਾਰਦੇ ਹਨ, ਲੋਕਾਂ ਨੂੰ ਜ਼ਲੀਲ ਕਰਦੇ ਹਨ, ਜੇਕਰ ਕੁਝ ਨੋਟ ਉਨ੍ਹਾਂ ਦੀ ਜੇਬ ਵਿਚ ਪਾ ਦਿੱਤੇ ਜਾਣ ਤਾਂ ਵਾਪਸ ਆ ਜਾਂਦੇ ਹਨ ।*

*ਇਕ ਪਿੰਡ ਦੇ ਨੁਮਾਇੰਦਿਆਂ ਨੇ ਇਹ ਜਾਣਕਾਰੀ ਦੇ ਕੇ ਹੈਰਾਨ ਕਰ ਦਿੱਤਾ ਕਿ ਪੁਲਿਸ ਨੇ ਉਨ੍ਹਾਂ ਦੇ ਪਿੰਡ ਤੋਂ ਇਕ ਨਸ਼ੇੜੀ ਨੂੰ ਫੜਿਆ, ਨਾਲ ਹੀ ਪਿੰਡ ਵਾਲਿਆਂ ਤੋਂ ਜ਼ਬਰਦਸਤੀ ਪੈਸੇ ਵਸੂਲ ਕੀਤੇ ਗਏ । ਪੁਲਿਸ ਦੀ ਦਲੀਲ ਸੀ ਕਿ ਨਸ਼ਾ ਖ਼ਰੀਦ ਕੇ ਇਸ ਨੌਜਵਾਨ 'ਤੇ ਕੇਸ ਬਣਾਉਣਾ ਹੈ ਕਿਉਂਕਿ ਇਸ ਦਾ ਜੇਲ੍ਹ ਵਿੱਚ ਰਹਿਣਾ ਜ਼ਰੂਰੀ ਹੈ। ਇਹ ਕੁਝ ਕੁ ਘਟਨਾਵਾਂ ਹਨ।* ਇਸ ਸਾਰੇ ਮਾਮਲੇ ਦਾ ਅਹਿਮ ਪੱਖ ਇਹ ਵੀ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਅਧਿਕਾਰੀਆਂ 'ਤੇ ਭਰੋਸਾ ਨਾ ਕਰਦੇ ਹੋਏ, ਆਪ ਅੰਮ੍ਰਿਤਸਰ ਦੀ ਜੇਲ੍ਹ ਵਿੱਚ ਪੁੱਜੇ ਅਤੇ ਕੁਝ ਨਸ਼ਾ ਛੁਡਾਊ ਕੈਂਪਾਂ ਦੀ ਜਾਂਚ ਵੀ ਕੀਤੀ। ਬਹੁਤ ਚੰਗਾ ਲੱਗਾ, ਜਦੋਂ ਜੇਲ੍ਹ ਵਿੱਚ ਬੰਦ ਨੌਜਵਾਨਾਂ ਨੇ ਮੁੱਖ ਮੰਤਰੀ ਨੂੰ ਇਹ ਦੱਸਿਆ ਕਿ ਉਹ ਨਸ਼ੇ ਦੇ ਸ਼ਿਕਾਰ ਹਨ, ਤਸਕਰ ਨਹੀਂ, ਪਰ ਪੁਲਿਸ ਨੇ ਝੂਠੇ ਕੇਸ ਬਣਾ ਦਿੱਤੇ ਹਨ । ਸਾਰੇ ਜਾਣਦੇ ਹਨ ਕਿ ਕੰਨੀਂ ਸੁਣੇ ਨਾਲੋਂ ਅੱਖੀਂ ਦੇਖੇ ਦਾ ਪ੍ਰਭਾਵ ਵਧੇਰੇ ਹੁੰਦਾ ਹੈ । ਮੁੱਖ ਮੰਤਰੀ ਉਨ੍ਹਾਂ ਹਸਪਤਾਲਾਂ ਵਿੱਚ ਵੀ ਜਾ ਰਹੇ ਹਨ ਜਿੱਥੇ ਕਾਗ਼ਜ਼ੀ ਆਦੇਸ਼ਾਂ 'ਤੇ ਨਸ਼ਾ ਛੁਡਾਉਣ ਦੇ ਕੇਂਦਰ ਤਾਂ ਬਣ ਗਏ ਪਰ ਉੱਥੇ ਨਾ ਤਾਂ ਸਾਧਨ ਹਨ, ਨਾ ਡਾਕਟਰ ਅਤੇ ਨਾ ਹੋਰ

ਕਰਮਚਾਰੀ। ਮੇਰੀ ਜਾਣਕਾਰੀ ਮੁਤਾਬਕ ਪੂਰੇ ਪੰਜਾਬ ਵਿੱਚ ਤਕਰੀਬਨ 35 ਮਨੋਰੋਗ ਮਾਹਰ ਡਾਕਟਰ ਹਨ । ਡਾਕਟਰ ਅਤੇ ਸਲਾਹਕਾਰ ਦੇ ਬਿਨਾਂ ਨਸ਼ਾ ਛੁਡਾਉਣ ਵਾਲੇ ਕੇਂਦਰ ਕੰਮ ਨਹੀਂ ਕਰ ਸਕਦੇ । ਹੁਣ ਸਰਕਾਰ ਸੋਚ-ਸਮਝ ਕੇ ਕਦਮ ਚੁੱਕੇ ਅਤੇ ਆਪਣੀ ਪੁਲਿਸ ਤੇ ਨਸ਼ਾ ਤਸਕਰਾਂ ਨੂੰ ਕਾਬੂ ਕਰਨ ਵਾਲੀ ਮਸ਼ੀਨਰੀ ਨੂੰ ਪਹਿਲਾਂ ਕਾਬੂ 'ਚ ਕਰੇ । ਇਹ ਅਹਿਮ ਪ੍ਰਸ਼ਨ ਨਹੀਂ ਹੈ ਕਿ ਕਿੰਨੇ ਲੋਕ ਗ੍ਰਿਫ਼ਤਾਰ ਕੀਤੇ ਗਏ, ਪਰ ਕਿੰਨੇ ਤਸਕਰ ਸਲਾਖਾਂ ਪਿੱਛੇ ਭੇਜ ਕੇ ਸਪਲਾਈ ਲਾਈਨ ਤੋੜੀ ਗਈ ਇਹ ਜ਼ਿਆਦਾ ਅਹਿਮ ਗੱਲ ਹੈ ।

ਅੱਜ ਲੋੜ ਇਹ ਹੈ ਕਿ ਸਾਰੇ ਸਰਕਾਰੀ ਸਾਧਨ, ਸਾਰੀਆਂ ਸਮਾਜਿਕ ਸੰਸਥਾਵਾਂ ਅਤੇ ਧਾਰਮਿਕ ਜਥੇਬੰਦੀਆਂ ਇਕੱਠੇ ਹੋ ਕੇ ਆਪਣੇ ਹਿਰਦੇ ਵਿੱਚ ਇਨ੍ਹਾਂ ਨੌਜਵਾਨਾਂ ਪ੍ਰਤੀ ਹਮਦਰਦੀ ਅਤੇ ਇਨ੍ਹਾਂ ਨੂੰ ਨਸ਼ਾ-ਮੁਕਤ ਕਰਨ ਦਾ ਸੰਕਲਪ ਲੈ ਕੇ ਕਾਰਜ ਕਰਨ । ਸਰਕਾਰ ਵੀ ਸਾਧਨ ਮੁਹੱਈਆ ਕਰਵਾਏ ਅਤੇ ਜਨਤਾ ਦੇ ਸਮਰੱਥ ਲੋਕ ਵੀ ਇਸ ਵਿੱਚ ਸਹਿਯੋਗ ਕਰਨ। ਮੁੱਖ ਮੰਤਰੀ ਜੀ ਨੂੰ ਇਹ ਯਾਦ ਰੱਖਣਾ ਹੋਵੇਗਾ ਕਿ ਹਰ ਜ਼ਿਲ੍ਹੇ ਵਿੱਚ ਦੋ-ਚਾਰ ਅਧਿਕਾਰੀ ਕੁਝ ਦਿਨਾਂ ਲਈ ਭੇਜ ਕੇ ਸਮੱਸਿਆ ਦਾ ਹੱਲ ਨਹੀਂ ਹੋ ਸਕਦਾ। ਆਮ ਲੋਕਾਂ ਦੀ ਜਾਣਕਾਰੀ ਲਈ ਇਹ ਲਿਖਣਾ ਸਹੀ ਹੋਵੇਗਾ ਕਿ ਬਰਨਾਲਾ, ਮੁਕਤਸਰ, ਬਠਿੰਡਾ ਵਰਗੇ ਖ਼ੇਤਰਾਂ ਤੋਂ ਲੋਕ ਫ਼ੋਨ ਕਰਕੇ ਇਹ ਕਹਿੰਦੇ ਹਨ ਕਿ ਪਹਿਲਾਂ ਵਿਵਸਥਾ ਸੀ ਕਿ ਉਨ੍ਹਾਂ ਨੂੰ ਭੁੱਕੀ, ਪੋਸਤ ਸਹੂਲਤ ਵਜੋਂ ਮਿਲ ਜਾਵੇ। ਇਹ ਹੁਣ ਵੀ ਮਿਲਣੀ ਚਾਹੀਦੀ ਹੈ , ਕਿਉਂਕਿ ਉਹਨਾਂ ਦੀ ਸਿਹਤ ਅਤੇ ਰੋਜ਼ਮੱਰਾ ਦਾ ਕੰਮਕਾਜ ਇਸ 'ਤੇ ਨਿਰਭਰ ਹੈ । ਉਹ ਇਹ ਵੀ ਸਵਾਲ ਕਰਦੇ ਹਨ ਕਿ ਜੇਕਰ ਸ਼ਰਾਬ ਨਸ਼ਾ ਨਹੀਂ ਹੈ ਤਾਂ ਫਿਰ ਭੁੱਕੀ ਕਿਉਂ? ਸ਼ਰਾਬ ਸਰਕਾਰ ਪਿਲਾਉਂਦੀ ਹੈ, ਹਰ ਸਾਲ ਇਹ ਕੋਸ਼ਿਸ਼ ਰਹਿੰਦੀ ਹੈ ਕਿ ਪਹਿਲਾਂ ਨਾਲੋਂ ਵਧੇਰੇ ਪੰਜਾਬੀ ਸ਼ਰਾਬ ਪੀਣ। ਜਾਣਕਾਰੀ ਇਹ ਵੀ ਹੈ ਕਿ ਬੀਤੇ ਵਰ੍ਹੇ ਦੇ ਮੁਕਾਬਲੇ ਇਸ ਵਰ੍ਹੇ 8 ਹਜ਼ਾਰ ਵਧੇਰੇ ਸ਼ਰਾਬ ਦੀਆਂ ਬੋਤਲਾਂ ਪੰਜਾਬੀਆਂ ਨੂੰ ਪਿਆਉਣ ਦੀ ਵਿਵਸਥਾ ਸਰਕਾਰ ਕਰ ਰਹੀ ਹੈ।



ਸਰਕਾਰ ਦਾ ਟੀਚਾ ਇਕੋ ਹੀ ਹੈ ਆਮਦਨ ਵਧੇ । ਬਹੁਤ ਚੰਗਾ ਹੋਵੇ ਜੇ ਪੰਜਾਬ ਸਰਕਾਰ ਆਪਣੇ ਅਧਿਕਾਰੀਆਂ ਨੂੰ ਚੰਡੀਗੜ੍ਹ ਦੇ ਠੰਢੇ ਕਮਰਿਆਂ ਤੋਂ ਜ਼ਿਲ੍ਹਿਆਂ ਦੀਆਂ ਗਰਮ ਸੜਕਾਂ 'ਤੇ ਭੇਜੇ, ਉਹ ਇਹ ਸਰਵੇਖਣ ਕਰਨ ਕਿ ਸ਼ਰਾਬ ਕਿੰਨੇ ਸੜਕ ਹਾਦਸਿਆਂ, ਕਿੰਨੇ ਅਪਰਾਧਾਂ, ਵੱਖ-ਵੱਖ ਗੰਭੀਰ ਰੋਗਾਂ ਅਤੇ ਕਿੰਨੀਆਂ ਮੌਤਾਂ ਦਾ ਕਾਰਨ ਬਣ ਰਹੀ ਹੈ । ਪੰਜਾਬ ਸਰਕਾਰ ਅਤੇ ਸਾਰੇ ਸੂਬਿਆਂ ਦੀਆਂ ਸਰਕਾਰਾਂ ਨੂੰ ਇਹੀ ਕਹਿਣਾ ਬਣਦਾ ਹੈ ਕਿ ਉਹ ਗੰਭੀਰਤਾ ਨਾਲ ਇਸ ਬਿਮਾਰੀ ਦਾ ਇਲਾਜ ਲੱਭਣ। ਨਸ਼ਿਆਂ 'ਚ ਡੁੱਬ ਰਹੀ ਜ਼ਿੰਦਗੀ ਅਤੇ ਟੁੱਟ ਰਹੇ ਪਰਿਵਾਰਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰਨ । ਸਿਰਫ਼ ਚੋਣਾਂ ਲਈ ਡਰਾਮਾ ਨਹੀਂ, ਅਫ਼ਰਾ-ਤਫ਼ਰੀ ਵੀ ਨਹੀਂ ਅਤੇ ਪੁਲਿਸ ਦੀਆਂ ਜ਼ਿਆਦਤੀਆਂ ਨੂੰ ਵੀ ਕਾਬੂ ਵਿੱਚ ਰੱਖਿਆ ਜਾਵੇ।

ਸਾਬਕਾ ਕੈਬਨਿਟ ਮੰਤਰੀ, ਪੰਜਾਬ
ਫੋਨ :94172-76242

-o-

# ਨਸ਼ਿਆਂ ਵੱਲ ਵਧ ਰਹੀ ਐ ਪੰਜਾਬ ਦੀ ਨੌਜਵਾਨੀ

-ਰਾਜਕੁਮਾਰ ਮੈਨਰੋ

ਗੁਰੂਆਂ, ਪੀਰਾਂ-ਪੈਗ਼ੰਬਰਾਂ ਅਤੇ ਪੰਜ ਦਰਿਆਵਾਂ ਦੀ ਧਰਤੀ ਪੰਜਾਬ, ਜਿਸ ਨੇ ਨਾ ਜਾਣੇ ਕਿੰਨੇ ਹੀ ਸੂਰਬੀਰਾਂ ਨੂੰ ਜਨਮ ਦਿੱਤਾ, ਪਤਾ ਨਹੀਂ ਕਿੰਨੇ ਹੀ ਪੀਰਾਂ-ਪੈਗ਼ੰਬਰਾਂ ਨੂੰ ਜਨਮ ਦੇਣ ਵਾਲੀ ਪੰਜਾਬ ਦੀ ਧਰਤੀ ਜਿਸ ਦੀ ਚਰਨ ਛੋਹ ਨੇ ਸ਼ਹੀਦ ਸ: ਭਗਤ ਸਿੰਘ, ਰਾਜਗੁਰੂ, ਸੁਖਦੇਵ ਵਰਗੇ ਦੇਸ਼-ਪ੍ਰੇਮੀਆਂ ਨੂੰ ਜਨਮ ਦਿੱਤਾ, ਇਨ੍ਹਾਂ ਸੂਰਬੀਰਾਂ ਅਤੇ ਗੁਰੂ ਪੀਰਾਂ ਨੇ ਪੰਜਾਬ ਦਾ ਨਾਮ ਪੂਰੀ ਦੁਨੀਆਂ ’ਤੇ ਚਮਕਾਇਆ । ਪਰ ਅੱਜ ਪਤਾ ਨਹੀਂ ਕਿਸ ਜ਼ਾਲਮ ਦੀ ਨਜ਼ਰ ਇਸ ਰੰਗਲੇ ਪੰਜਾਬ ਨੂੰ ਲੱਗ ਗਈ ਹੈ, ਪਤਾ ਨਹੀਂ ਕਿਸ ਕਮਬਖਤ ਨੇ ਇਸ ਨੂੰ ਖੇਰੂੰ-ਖੇਰੂੰ ਕਰਨ ਲਈ ਮਜ਼ਬੂਰ ਕਰ ਦਿੱਤਾ ਹੈ। ਪੰਜਾਬ ਦਾ ਉਹ ਗੱਭਰੂ ਜਿਹੜਾ ਜਦੋਂ ਅਖਾੜੇ ’ਚ ਉਤਰਦਾ ਸੀ ਤਾਂ ਲੋਕ ਆਪਣੇ ਸਾਹ ਰੋਕ ਲੈਂਦੇ ਸਨ , ਜਦੋਂ ਪੰਜਾਬ ਦਾ ਸ਼ੇਰ ਗਰਜਦਾ ਸੀ ਤਾਂ ਵੱਡੇ-ਵੱਡੇ ਸੂਰਬੀਰਾਂ ਨੂੰ ਭਾਜੜਾਂ ਪੈ ਜਾਂਦੀਆਂ ਸਨ। ਪਰ ਪਤਾ ਨਹੀਂ ਕਿਸਨੇ ਗ਼ਲਤ ਰਾਹੇ ਤੋਰ ਦਿੱਤਾ ਇਸ ਰੰਗਲੇ ਪੰਜਾਬ ਨੂੰ ! ਇਸ ਰੰਗਲੇ ਪੰਜਾਬ ਦਾ ਨੌਜਵਾਨ ਅੱਜ ਖੇਡਾਂ ਨੂੰ ਛੱਡ, ਕਬੱਡੀਆਂ ਨੂੰ ਛੱਡ, ਸਭਿਆਚਾਰ ਨੂੰ ਛੱਡ, ਨਸ਼ਿਆਂ ਦੇ ਛੇਵੇਂ ਦਰਿਆ ਵੱਲ ਤੁਰ ਪਿਆ ਹੈ ਜਿੱਥੇ ਸਿਰਫ਼ ਤੇ ਸਿਰਫ਼ ਮੌਤ ਹੈ। ਮੌਤ ਤਾਂ ਸਭ ਨੂੰ ਆਉਣੀ ਹੀ ਹੈ, ਪਰ ਅਜਿਹੀ ਮੌਤ ਜੋ ਮਰਨ ਤੋਂ ਬਾਅਦ ਆਪਣਿਆਂ ਨੂੰ ਦੁਨੀਆਂ ਦੀਆਂ ਨਜ਼ਰਾਂ ’ਚ ਗਿਰਾ ਜਾਵੇ ਜਿਸ ਕਾਰਨ ਉਹ ਮਾਪੇ ਜਿਹੜੇ ਆਪਣੇ ਲਾਡਲੇ ਨੂੰ ਇਸ ਆਸ ਨਾਲ ਪਾਲਦੇ ਹਨ ਕਿ ਉਨ੍ਹਾਂ ਦਾ ਲਾਡਲਾ ਵੱਡਾ ਹੋ ਕੇ ਉਹਨਾਂ ਦੇ ਬੁਢਾਪੇ ਦਾ ਸਹਾਰਾ ਬਣੇਗਾ ਪਰ ਨਸ਼ੇ ਦਾ ਦਰਿਆ ਉਸ ਨੂੰ ਉਮਰਾਂ ਦੀ ਲੰਬੀ ਪੌੜੀ ਨਹੀਂ ਚੜ੍ਹਨ ਦਿੰਦਾ, ਜਲਦ ਹੀ ਖਿੱਚ ਲੈਂਦਾ ਹੈ ਆਪਣੇ ਵੱਲ ਤੇ ਪਿੱਛੇ ਛੱਡ ਜਾਂਦਾ ਹੈ ਉਨਾਂ ਮਾਂ ਬਾਪ ਨੂੰ ਰੋਂਦੇ ਕੁਰਲਾਉਂਦੇ ਜਿਨ੍ਹਾਂ ਦੀ ਆਸ ਹੀ ਇਸ ’ਤੇ ਟਿਕੀ ਹੁੰਦੀ ਹੈ।



ਅੱਜ ਪੂਰੀ ਦੁਨੀਆਂ ’ਚ ਨਸ਼ੇ ਬਾਰੇ ਪ੍ਰਚਾਰ ਕੀਤਾ ਜਾ ਰਿਹਾ ਹੈ ਪਰ ਇਹ ਨਸ਼ਾ ਪੰਜਾਬ ਵਿੱਚ ਨੌਜਵਾਨ ਪੀੜ੍ਹੀ ਨੂੰ ਘੁਣ ਵਾਂਗ ਖੋਖਲਾ ਕਰ ਰਿਹਾ ਹੈ । ਅੱਜ ਇਸ ਨਸ਼ੇ ਵਿੱਚ ਸਿਰਫ਼ ਮੁੰਡੇ ਹੀ ਨਹੀਂ ਸਗੋਂ ਸਾਡੀਆਂ ਕੁੜੀਆਂ ਵੀ ਇਸ ਦਲਦਲ ਵਿੱਚ ਫਸਦੀਆਂ ਜਾ ਰਹੀਆਂ ਹਨ।

ਕੌਣ ਕਰ ਰਿਹਾ ਹੈ ਇਸ ਨਸ਼ੇ ਦਾ ਵਪਾਰ ?

ਕੌਣ ਫੈਲਾ ਰਿਹਾ ਹੈ ਇਸ ਮੌਤ ਦੇ ਸਾਗਰ ਦੀਆਂ ਜੜ੍ਹਾਂ ?

ਕੌਣ ਖ਼ਤਮ ਕਰਨਾ ਚਾਹੁੰਦਾ ਹੈ ਮੇਰੇ ਰੰਗਲੇ ਪੰਜਾਬ ਨੂੰ ?

ਕੀ ਇਹ ਸਭ ਬਾਹਰ ਦੀਆਂ ਤਾਕਤਾਂ ਦਾ ਕੰਮ ਹੈ? ਕੀ ਇਸ ਵਿੱਚ ਪੰਜਾਬ ਦੇ ਉਹ ਲੋਕ ਹਨ ਜੋ ਆਪਣੇ ਆਪ ਨੂੰ ਇਸ ਦੇਸ਼ ਦਾ ਰਖਵਾਲਾ ਸਮਝਦੇ ਹਨ ਜਾਂ ਪੰਜਾਬ ਦੀ ਉਹ ਪੁਲਿਸ ਜੋ ਸਾਡੀ ਰੱਖਿਆ ਕਰਦੀ ਹੈ, ਜੋ ਇਸ ਘਿਨਾਉਣੇ ਅਪਰਾਧ ਨੂੰ ਰੋਕਦੀ ਹੈ ਜਾਂ ਉਹ ਪ੍ਰਮਾਤਮਾ ਦਾ ਦੂਜਾ ਰੂਪ ਜਿਸ ਨੂੰ ਅਸੀਂ ਡਾਕਟਰ ਕਹਿੰਦੇ ਹਾਂ ਜਾਂ ਉਹ ਮਾਂ-ਬਾਪ ਜਿਹੜੇ ਆਪਣੇ ਬੱਚਿਆਂ ਦਾ ਧਿਆਨ ਨਹੀਂ ਰੱਖਦੇ ? ਸੱਚ ਜਾਣੋ ਜੇ ਸਹੀ ਨਜ਼ਰੀਏ ਨਾਲ ਦੇਖਿਆ ਜਾਵੇ ਤਾਂ ਸਭ ਤੋਂ ਵੱਡਾ ਗੁਨਾਹਗਾਰ ਮਾਪੇ ਹਨ ਜੋ ਆਪਣੇ ਬੱਚਿਆਂ ਨੂੰ ਇੰਨੀ ਅਜ਼ਾਦੀ ਦੇ ਦਿੰਦੇ ਹਨ ਕਿ ਬੱਚੇ ਗ਼ਲਤ ਸੰਗਤ ’ਚ ਪੈ ਕੇ ਨਸ਼ਿਆਂ ਵੱਲ ਤੁਰ ਪੈਂਦੇ ਹਨ । ਬੱਚਾ ਜਦੋਂ ਸਕੂਲ ’ਚ ਪੜ੍ਹਦਾ ਹੈ ਉਦੋਂ ਤਕ ਤਾਂ ਮਾਂ-ਬਾਪ ਆਪਣਾ ਫ਼ਰਜ਼ ਸਮਝ ਕੇ ਉਸ ’ਤੇ ਨਿਗਾਹ ਰੱਖਦੇ ਹਨ, ਪਰ ਜਦੋਂ ਬੱਚਾ ਪੜ੍ਹਾਈ ਲਈ ਕਾਲਜ ਜਾਂਦਾ ਹੈ ਤਾਂ ਮਾਂ ਬਾਪ ਵੱਲੋਂ ਆਪਣੇ ਬੱਚਿਆਂ ਨੂੰ ਆਪਣੇ ਸਟੇਟਸ ਲਈ ਪੂਰੀ ਅਜ਼ਾਦੀ ਦੇ ਦਿੰਦੇ ਹਨ। ਉਹ ਇਸ ਵੱਲ ਬਿਲਕੁੱਲ ਵੀ ਧਿਆਨ ਨਹੀਂ ਦਿੰਦੇ ਕਿ ਸਾਡੇ ਬੱਚੇ ਦੀ ਸੰਗਤ ਸਹੀ ਹੈ ਜਾਂ ਨਹੀਂ। ਕੀ ਸਾਡਾ ਲਾਡਲਾ ਸਹੀ ਸਮੇਂ ਘਰ ਆਉਂਦਾ ਹੈ ਜਾਂ ਨਹੀਂ, ਕੀ ਸਾਡੇ ਬੱਚਿਆਂ ਦੀਆਂ ਕਿਤਾਬਾਂ ’ਚ ਕੋਈ ਅਸ਼ਲੀਲ ਸਮੱਗਰੀ ਤਾਂ ਨਹੀਂ? ਅਸੀਂ ਇਹ ਸਭ ਕੁਝ ਨਹੀਂ ਦੇਖਦੇ ਕਦੋਂ ਬੱਚਾ ਗ਼ਲਤ ਰਸਤੇ ਤੁਰ ਪਿਆ। ਇਸ ਦਾ ਮਾਪਿਆਂ ਨੂੰ ਪਤਾ ਤਕ ਨਹੀਂ

ਚਲਦਾ, ਪਤਾ ਉਦੋਂ ਚਲਦਾ ਹੈ ਜਦੋਂ ਉਨ੍ਹਾਂ ਦਾ ਲਾਡਲਾ ਪੂਰੀ ਤਰ੍ਹਾਂ ਨਸ਼ੇ ਦੀ ਦਲਦਲ 'ਚ ਡੁੱਬ ਚੁੱਕਿਆ ਹੁੰਦਾ ਹੈ ਅਤੇ ਨਸ਼ੇ ਦੀ ਪੂਰਤੀ ਕਰਨ ਲਈ ਜਦੋਂ ਬੱਚਾ ਪੈਸੇ ਮੰਗਦਾ ਹੈ ਤਾਂ ਮਾਂ ਬਾਪ ਉਸ ਦਾ ਖ਼ਰਚਾ-ਪਾਣੀ ਬੰਦ ਕਰ ਦਿੰਦੇ ਹਨ; ਫਿਰ ਸ਼ੁਰੂ ਹੁੰਦੀ ਹੈ ਬੱਚੇ ਵੱਲੋਂ ਚੋਰੀ ਜੋ ਕਿ ਪਹਿਲਾਂ ਤਾਂ ਆਪਣੇ ਘਰ ਵਿੱਚੋਂ ਕਰਦਾ ਹੈ ਅਤੇ ਜ਼ਿਆਦਾ ਨਸ਼ਾ ਲੈਣ ਕਾਰਨ ਬਾਹਰ ਵੀ ਹੱਥ ਪੈਰ ਮਾਰਦਾ ਹੈ ਕਿਉਂਕਿ ਨਸ਼ੇ ਦੇ ਸੌਦਾਗਰ ਇਹਨਾਂ ਮਾਸੂਮ ਲੋਕਾਂ ਨੂੰ ਪਹਿਲਾਂ ਤਾਂ ਮੁਫ਼ਤ ਨਸ਼ਾ ਕਰਾ ਕੇ ਇਹਨਾਂ ਨੂੰ ਨਸ਼ੇ ਦੇ ਆਦੀ ਬਣਾ ਦਿੰਦੇ ਹਨ ਅਤੇ ਫਿਰ ਇਨ੍ਹਾਂ ਕੋਲੋਂ ਵਸੂਲਿਆ ਜਾਂਦਾ ਹੈ ਪੈਸਾ । ਜ਼ਿਆਦਾਤਰ ਮਾਪੇ ਜਦੋਂ ਉਨ੍ਹਾਂ ਦਾ ਲਾਡਲਾ ਜਾਂ ਲਾਡਲੀ ਇਸ ਨਸ਼ੇ ਦੀ ਦਲਦਲ 'ਚ ਫਸ ਜਾਂਦੇ ਹਨ ਤਾਂ ਉਹ ਜਾਂ ਤਾਂ ਉਹਨਾਂ ਦਾ ਖ਼ਰਚਾ-ਪਾਣੀ ਬੰਦ ਕਰ ਦਿੰਦੇ ਹਨ ਜਾਂ ਉਨ੍ਹਾਂ ਨੂੰ ਮਾਰ ਕੁਟਾਈ ਕਰਦੇ ਹਨ। ਪਰ ਕਿਸੇ ਦਾ ਇੱਧਰ ਧਿਆਨ ਨਹੀਂ ਜਾਂਦਾ ਕਿ ਉਸਦਾ ਲਾਡਲਾ ਜਾਂ ਲਾਡਲੀ ਬੁਰੀ ਸੰਗਤ 'ਚ ਕਿਵੇਂ ਪਏ, ਜਦੋਂ ਕਿ ਮਾਂ ਬਾਪ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚੇ ਦਾ ਪਹਿਲਾਂ ਸਹੀ ਤਰੀਕੇ ਨਾਲ ਇਲਾਜ ਕਰਾਉਣ ਅਤੇ ਬੱਚਿਆਂ ਨਾਲ ਨਿਮਰਤਾ ਨਾਲ ਪੇਸ਼ ਆਉਣ। ਪਰ ਅੱਜ ਦਾ ਨੌਜਵਾਨ ਸਭ ਕੁਝ ਜਾਣਦੇ ਹੋਏ ਵੀ ਨਸ਼ੇ ਦੀ ਇਸ ਦਲਦਲ 'ਚ ਫਸਦਾ ਹੀ ਜਾ ਰਿਹਾ ਹੈ। ਕਦੇ ਕਿਸੇ ਨੇ ਇਸ ਵੱਲ ਧਿਆਨ ਨਹੀਂ ਦਿੱਤਾ ਕਿ ਸਾਡੇ ਦੇਸ਼ ਦਾ ਭਵਿੱਖ ਕਿਉਂ ਨਸ਼ੇ ਵੱਲ ਤੁਰ ਪਿਆ ਹੈ । ਕਦੇ ਸਾਡੀਆਂ ਸਰਕਾਰਾਂ ਨੇ ਇਸ ਨੂੰ ਜੜ੍ਹੋਂ ਪੁੱਟ ਸੁੱਟਣ ਦਾ ਬੀੜਾ ਚੁੱਕਿਆ ਹੈ ? ਨਹੀਂ, ਇਹ ਆਮ ਨਾਗਰਿਕ ਨੂੰ ਸੋਚਣ ਲਈ ਮਜ਼ਬੂਰ ਕਰ ਰਿਹਾ ਹੈ ਕਿ ਆਖ਼ੀਰ ਕਿਵੇਂ, ਕਿਉਂ, ਸਭ ਕੁਝ ਪਤਾ ਹੋਣ ਦੇ ਬਾਵਜੂਦ ਵੀ ਸਾਡੀ ਨੌਜਵਾਨ ਪੀੜ੍ਹੀ ਨਸ਼ੇ ਵੱਲ ਤੁਰ ਪਈ ਹੈ, ਇਸ ਦਾ ਕਾਰਨ ਕਿਤੇ ਬੇਰੁਜ਼ਗਾਰੀ ਤਾਂ ਨਹੀਂ, ਇਸਦਾ ਕਾਰਨ ਕਿਤੇ ਮਹਿੰਗਾਈ ਤਾਂ ਨਹੀਂ, ਇਸਦਾ ਕਾਰਨ ਕਿਤੇ ਸਾਡਾ ਸਟੇਟਸ ਤਾਂ ਨਹੀਂ ? ਮੇਰਾ ਮੰਨਣਾ ਹੈ ਕਿ ਇਹ ਸਭ ਕੁਝ ਹੀ ਅਸਲੀ ਜੜ੍ਹ ਹੈ ਨੌਜਵਾਨ ਨੂੰ ਨਸ਼ੇ ਵੱਲ ਧਕੇਲਣ ਲਈ ।



ਬੇਰੁਜ਼ਗਾਰੀ ਅੱਜ ਸਭ ਤੋਂ ਵੱਡਾ ਕਲੰਕ ਬਣ ਚੁੱਕਿਆ ਹੈ ਮੇਰੇ ਰੰਗਲੇ ਦੇਸ਼ ਉੱਤੇ ਅਤੇ ਉਹ ਨੌਜਵਾਨ ਜੋ ਪੜ੍ਹ ਲਿਖ ਕੇ ਵੀ ਗਲੀਆਂ ਦੀ ਖਾਕ ਛਾਣਨ ਲਈ ਮਜ਼ਬੂਰ ਹੋ ਰਿਹਾ ਹੈ, ਲੱਖਾਂ ਰੁਪਏ ਖ਼ਰਚ ਕੇ ਮਾਪੇ ਆਪਣੇ ਬੱਚੇ ਨੂੰ ਇਸ ਆਸ ਨਾਲ ਪੜ੍ਹਾਉਂਦੇ ਹਨ ਕਿ ਇਕ ਦਿਨ ਉਨ੍ਹਾਂ ਦਾ ਲਾਡਲਾ ਵੱਡਾ ਹੋ ਕੇ ਕੋਈ ਵਧੀਆ ਨੌਕਰੀ ਕਰਕੇ, ਉਹਨਾਂ ਦੇ ਬੁਢਾਪੇ ਦਾ ਸਹਾਰਾ ਬਣੇਗਾ; ਪਰ ਪੜ੍ਹਾਈ ਤੋਂ ਬਾਅਦ ਦਰ-ਦਰ ਦੀਆਂ ਠੋਕਰਾਂ ਖਾਣ ਲਈ ਮਜ਼ਬੂਰ ਹੁੰਦਾ ਹੈ ਉਹ ਨੌਜਵਾਨ ਤੇ ਆਪਣੇ ਮਾਪਿਆਂ ਦੀਆਂ ਅੱਖਾਂ 'ਚ ਨਿਰਾਸ਼ਾ ਦੇਖ ਰਿਸ਼ਤੇਦਾਰਾਂ ਦੇ ਤਾਅਨੇ ਸੁਣ ਤੁਰ ਪੈਂਦਾ ਹੈ ਨਸ਼ੇ ਦੇ ਉਸ ਛੇਵੇਂ ਦਰਿਆ ਵੱਲ ਜਿੱਥੇ ਸਿਰਫ਼ ਤੇ ਸਿਰਫ਼ ਉਸ ਨੂੰ ਮਿਲਦੀ ਹੈ ਮੌਤ! ਮੌਤ!! ਮੌਤ!!! ਦੂਜੇ ਪਾਸੇ ਮਹਿੰਗਾਈ ਨੇ ਵੀ ਆਪਣੇ ਪੈਰ ਪਸਾਰ ਰੱਖੇ ਹਨ। ਇੱਕ ਮਜ਼ਦੂਰ ਜੋ ਆਪਣੇ ਬੱਚਿਆਂ ਦੀ ਰੋਟੀ ਲਈ ਸਾਰਾ ਦਿਨ ਮਜ਼ਦੂਰੀ ਕਰਦਾ ਹੈ ਪਰ ਮਹਿੰਗਾਈ ਕਾਰਨ ਆਪਣੇ ਬੱਚਿਆਂ ਨੂੰ ਨਾ ਤਾਂ ਸਿੱਖਿਆ ਹੀ ਦਿਵਾ ਸਕਦਾ ਹੈ ਅਤੇ ਨਾ ਹੀ ਉਹਨਾਂ ਦਾ ਪੇਟ ਹੀ ਪਾਲ ਸਕਦਾ ਹੈ ਅਤੇ ਇਸ ਤੋਂ ਬਚਣ ਲਈ ਲੈਂਦਾ ਹੈ ਨਸ਼ੇ ਦਾ ਸਹਾਰਾ । ਤੀਜਾ ਨਸ਼ਾ ਸ਼ੁਰੂ ਹੁੰਦਾ ਹੈ ਜਦੋਂ ਅਸੀਂ ਸਟੇਟਸ ਵਿੱਚ ਫਸ ਜਾਂਦੇ ਹਾਂ । ਦੂਜੇ ਤੋਂ ਉੱਪਰ ਉੱਠਣ ਲਈ ਅਸੀਂ ਕੰਪਨੀ ਕਰਨ ਦੇ ਨਾਮ 'ਤੇ ਸ਼ੁਰੂ ਕਰਦੇ ਹਾਂ । ਸਭ ਤੋਂ ਪਹਿਲਾਂ ਦਾਰੂ ਦਾ ਨਸ਼ਾ ਤੇ ਫੇਰ ਹੌਲੀ-ਹੌਲੀ ਅਸੀਂ ਇਸਦੇ ਆਦੀ ਹੋ ਜਾਂਦੇ ਹਾਂ ਤੇ ਉਹ ਅਮੀਰਜ਼ਾਦੇ ਵੀ ਫਸ ਜਾਂਦੇ ਹਨ । ਨਸ਼ੇ ਦੇ ਦਰਿਆ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ? ਜੇਕਰ ਸਰਕਾਰਾਂ ਚਾਹੁਣ ਤਾਂ ਇਸ ਨੂੰ ਕਾਫ਼ੀ ਹੱਦ ਤਕ ਖ਼ਤਮ ਕੀਤਾ ਜਾ ਸਕਦਾ ਹੈ, ਜੇਕਰ ਪ੍ਰਸ਼ਾਸਨ ਸੰਕਲਪ ਲੈ ਲਵੇ ਤੇ ਇਮਾਨਦਾਰੀ ਨਾਲ ਕੈਮਿਸਟਾਂ ਦੀਆਂ ਦੁਕਾਨਾਂ 'ਤੇ ਚੈਕਿੰਗ ਕੀਤੀ ਜਾਵੇ, ਨਸ਼ਾ ਵੇਚਣ ਵਾਲਿਆਂ 'ਤੇ ਸ਼ਿਕੰਜਾ ਕੱਸਿਆ ਜਾਵੇ ਅਤੇ ਦਾਰੂ ਦੇ ਠੇਕੇ ਬੰਦ ਕਰ ਦਿੱਤੇ ਜਾਣ, ਜੋ ਸ਼ਰੇਆਮ ਜੀ.ਟੀ.ਰੋਡ 'ਤੇ ਖੁੱਲ੍ਹੇ ਹੋਏ ਹਨ,

ਤਾਂ ਯਕੀਨਨ ਹੀ ਇਸ ਨਸ਼ੇ ਦੇ ਦਰਿਆ ਨੂੰ ਖ਼ਤਮ ਕੀਤਾ ਜਾ ਸਕਦਾ ਹੈ। ਪਰ ਮੈਨਰੋ ਪਗਲਾ ਤਾਂ ਇਹੀ ਕਹਿ ਸਕਦਾ ਹੈ 'ਅਸੀਂ ਤਾਂ ਲਿਖਣ ਵਾਲੇ ਹਾਂ, ਸਾਡੀ ਲਿਖੀ ਇਸ ਸਚਾਈ ਨੂੰ ਕੁਝ ਲੋਕ ਵਧੀਆ ਲਿਖਿਆ ਹੈ ਕਹਿ ਕੇ ਅਖ਼ਬਾਰ ਨੂੰ ਸੁੱਟ ਦੇਣਗੇ, ਕੁਝ ਕਹਿਣਗੇ—ਲੈ ਬੜਾ ਆਇਆ ਨਸ਼ਿਆਂ ਨੂੰ ਰੋਕਣ ਵਾਲਾ ਤੇ ਕੁਝ ਕਹਿਣਗੇ ਲੱਗਦਾ ਇਸ ਦੀ ਮੱਤ ਮਾਰੀ ਗਈ ਹੈ। ਇਹ ਨਸ਼ਿਆਂ ਦੇ ਸੌਦਾਗਰਾਂ ਨਾਲ ਪੰਗਾ ਲੈਣ ਆਇਆ ਹੈ ।'

ਮੈਨਰੋ ਤਾਂ ਪਗਲਾ ਹੈ ਇਸਨੂੰ ਪਗਲਾ ਹੀ ਰਹਿਣ ਦਿਉ, ਘੱਟੋ ਘੱਟ ਇਹ ਆਪਣੇ ਦੇਸ਼ ਦੇ ਸਭਿਆਚਾਰ ਬਾਰੇ ਤਾਂ ਸੋਚਦਾ, ਇਹ ਆਪਣੇ ਉਸ ਭਵਿੱਖ ਬਾਰੇ ਤਾਂ ਸੋਚਦਾ, ਇਸਨੇ ਮੇਰੇ ਇਸ ਰੰਗਲੇ ਦੇਸ਼ ਦੀ ਵਾਗਡੋਰ ਸੰਭਾਲਣੀ ਹੈ । ਅੰਤ ਵਿੱਚ ਇਹੀ ਕਹਿੰਦਾ ਹੋਇਆ ਆਪਣੀ ਬਾਣੀ ਨੂੰ ਵਿਸ਼ਰਾਮ ਦਿੰਦਾ ਹਾਂ ਕਿ ਮੈਨੂੰ ਮੇਰੇ ਮਾਲਕਾ ਔਕਾਤ ਵਿੱਚ ਰੱਖੀਂ ।

-o-



## ਨਸ਼ੇ ਅਤੇ ਬੱਚੇ

ਪੰਜਾਬੀ ਗੱਭਰੂ ਦਾ ਜ਼ਿਕਰ ਆਉਂਦੇ ਹੀ ਅੱਖਾਂ ਸਾਹਮਣੇ ਉੱਚੇ ਲੰਮੇ, ਚੌੜੀ ਛਾਤੀ ਵਾਲੇ ਇਨਸਾਨ ਦੀ ਤਸਵੀਰ ਆ ਜਾਂਦੀ ਹੈ। ਵਿਆਹ ਲਈ ਤਿਆਰ ਹੋਏ ਪੰਜਾਬੀ ਗੱਭਰੂ ਦਾ ਜਲੌ ਤਾਂ ਝੱਲਿਆ ਨਹੀਂ ਜਾਂਦਾ। ਜਦੋਂ ਇਹ ਲੜਾਈ ਦੇ ਮੈਦਾਨ ਵਿੱਚ ਗਰਜਦੇ ਨੇ ਤਾਂ ਦੁਸ਼ਮਣਾਂ ਨੂੰ ਪਿੱਠ ਮੋੜ ਕੇ ਭੱਜਣਾ ਪੈਂਦਾ ਹੈ। ਜੇ ਦਿਮਾਗ਼ੀ ਪੱਖੋਂ ਦੇਖੀਏ ਤਾਂ ਅਮਰੀਕਾ ਦੇ ਰਾਸ਼ਟਰਪਤੀ ਦਾ ਸਲਾਹਕਾਰ ਵੀ ਐਸ ਵੇਲੇ ਪੰਜਾਬੀ ਹੈ। ਜੇ ਅਮੀਰੀ ਵਜੋਂ ਤੱਕੀਏ ਤਾਂ ਵੀ ਚੋਟੀ ਦੇ ਗਿਣੇ ਅਮੀਰਾਂ ਵਿੱਚੋਂ ਬਥੇਰੇ ਪੰਜਾਬੀ ਹੀ ਹਨ। ਗੱਲ ਕੀ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਚਲੇ ਜਾਓ, ਕੋਈ ਨਾ ਕੋਈ ਪੰਜਾਬੀ ਜ਼ਰੂਰ ਮਿਲ ਜਾਂਦਾ ਹੈ ਤੇ ਉਹ ਵੀ ਚੜ੍ਹਤ ਦੀ ਪੌੜੀ ਚੜ੍ਹਦਾ ਹੋਇਆ। ਇਸੇ ਲਈ ਸ਼ਾਇਦ ਕਿਸੇ ਨੇ ਮਜ਼ਾਕ ਉਡਾਇਆ ਸੀ ਕਿ ਜਦੋਂ ਨੀਲਾਮਟਰਾਂਗ ਨੇ ਚੰਨ 'ਤੇ ਪਹਿਲਾਂ ਪੈਰ ਧਰਿਆ ਤਾਂ ਹੈਰਾਨ ਰਹਿ ਗਿਆ, ਕਿਉਂਕਿ ਸਾਹਮਣੇ ਹੀ ਇਕ ਵੱਡਾ ਫੱਟਾ ਪਿਆ ਸੀ ਜਿਸ ਉੱਤੇ ਲਿਖਿਆ ਸੀ "ਪੰਜਾਬੀ ਢਾਬਾ"। ਪੰਜਾਬੀ ਕਿੰਨੇ ਮਿਹਨਤੀ ਹਨ ਇਹ ਇਸ ਤੋਂ ਜ਼ਾਹਿਰ ਹੋ ਜਾਂਦਾ ਹੈ।

ਅੱਜ ਜੇ ਪੰਜਾਬ ਦੇ ਪਿੰਡਾਂ ਵਿੱਚ ਝਾਤ ਮਾਰੀਏ ਤਾਂ ਦਹਿਸ਼ਤ ਆਉਂਦੀ ਹੈ। ਅਫ਼ੀਮ ਭੁੱਕੀ ਖਾ ਖਾ ਕੇ ਸੁੱਕੇ ਮਰੇ ਹੋਏ ਜਿਸਮ ਮੂਧੇ ਮੂੰਹ ਨਾਲੀ ਵਿੱਚ ਡਿੱਗੇ ਹੋਏ ਪਏ ਮਿਲਦੇ ਹਨ। ਪੈਸਿਆਂ ਲਈ ਗਿੜਗਿੜਾਉਂਦੇ, ਹੱਥ ਅੱਡਦੇ ਇੱਧਰ-ਉੱਧਰ ਭਟਕਦੇ ਅਤੇ ਖ਼ੁਦਕੁਸ਼ੀਆਂ ਕਰਦੇ ਫਿਰਦੇ ਹਨ, ਕਿਉਂਕਿ ਬਹੁਤਿਆਂ ਨੇ ਜ਼ਮੀਨਾਂ ਵੇਚ ਕੇ ਨਸ਼ਿਆਂ ਦੇ ਹਵਾਲੇ ਕਰ ਦਿੱਤੀਆਂ ਹਨ। ਪੰਜਾਬੀਆਂ ਦੀ ਅਜਿਹੀ ਤਰਸਯੋਗ ਹਾਲਤ ਦੇਖ ਕੇ ਕਿਸੇ ਦਾ ਵੀ ਦਿਲ ਕੰਬ ਉੱਠੇਗਾ, ਖ਼ਾਸ ਕਰਕੇ ਜਦੋਂ ਇਹ ਦੱਸਿਆ ਜਾਵੇ ਕਿ ਹਰ ਮਹੀਨੇ ਪੰਜਾਬ ਵਿੱਚ ਲਗਭਗ ਪੱਚੀ ਕਰੋੜ ਦੀ ਭੁੱਕੀ ਪਿੰਡਾਂ ਵਿੱਚ ਪਹੁੰਚਾਈ ਜਾ ਰਹੀ ਹੈ।

ਕਟਾਈ ਦੇ ਵਾਸਤੇ ਲਗਾਤਾਰ ਕੰਮ ਕਰਨ ਲਈ ਭੁੱਕੀ ਦੀ ਬਹੁਤੀ ਵਰਤੋਂ ਸਮਾਣਾ, ਪਾਤੜਾਂ, ਸ਼ਤਰਾਨਾ, ਸੰਗਰੂਰ, ਬਠਿੰਡਾ, ਮਾਨਸਾ, ਫ਼ਿਰੋਜ਼ਪੁਰ, ਮੋਗਾ, ਮੁਕਤਸਰ ਅਤੇ ਜਗਰਾਓਂ ਵਾਲੇ ਇਲਾਕੇ ਵਿੱਚ ਹੁੰਦੀ ਹੈ। ਪੁਲਿਸ ਦੇ ਰਿਕਾਰਡ ਅਨੁਸਾਰ ਪਟਿਆਲਾ ਜ਼ਿਲ੍ਹੇ ਵਿੱਚ ਹਰ ਮਹੀਨੇ 1084 ਪਿੰਡਾਂ ਵਿੱਚ 98 ਲੱਖ ਦੀ ਭੁੱਕੀ ਵਿਕ ਰਹੀ ਹੈ ਜਦੋਂ ਕਿ ਮਾਨਸਾ ਦੇ 240 ਪਿੰਡਾਂ ਵਿੱਚ 42 ਲੱਖ, ਸੰਗਰੂਰ ਦੇ 696 ਪਿੰਡਾਂ ਵਿੱਚ 68 ਲੱਖ ਤੇ ਬਠਿੰਡਾ ਦੇ 285 ਪਿੰਡਾਂ ਵਿੱਚ 50 ਲੱਖ ਰੁਪਏ ਦੀ ਭੁੱਕੀ ਦੀ ਵਿਕਰੀ ਹੋ ਰਹੀ ਹੈ।

ਰਾਜਸਥਾਨ, ਗੁਜਰਾਤ ਤੇ ਮੱਧ ਪ੍ਰਦੇਸ਼ ਦੇ ਲੱਖਾਂ ਬੰਦੇ ਏਸੇ ਹੀ ਕੰਮ ਵਿੱਚ ਲੱਗੇ ਹੋਏ ਹਨ। ਰਾਜਸਥਾਨ ਵਿੱਚ ਤਾਂ ਹਰ ਸਾਲ 6700 ਹੈਕਟਰ ਜ਼ਮੀਨ ’ਤੇ ਅਫ਼ੀਮ ਉਗਾ ਕੇ ਪੰਜਾਬ ਵਿੱਚ ਭੇਜੀ ਜਾ ਰਹੀ ਹੈ। ਸਮਾਨੇ ਦਾ ਗੁਰਦਿਆਲਪੁਰ ਪਿੰਡ ਤਾਂ ਅਖ਼ਬਾਰਾਂ ਅਨੁਸਾਰ ਇਸ ਵੇਲੇ ਭੁੱਕੀ ਦੀ ਵਰਤੋਂ ਵਿੱਚ ਮੋਹਰੀ ਹੈ।

ਸ਼ਹਿਰਾਂ ਵਿੱਚ ਸਮੈਕ ਦੀ ਵਰਤੋਂ ਕਾਲਜਾਂ ਵਿੱਚ ਵੀ ਹੋ ਰਹੀ ਹੈ। ਇਨ੍ਹਾਂ ਨਸ਼ਿਆਂ ਵਿੱਚ ਡੁੱਬੇ ਜਵਾਨ ਜ਼ੁਰਮ ਨੂੰ ਹਵਾ ਦੇਈ ਜਾ ਰਹੇ ਹਨ। ਨੈਸ਼ਨਲ ਕਰਾਈਮ ਰਿਕਾਰਡ 2004 ਦੇ ਅਨੁਸਾਰ ਲਗਭਗ ਹਰ 29 ਮਿੰਟ ਵਿੱਚ ਇਕ ਬਲਾਤਕਾਰ ਹੁੰਦਾ ਹੈ, ਹਰ ਪੰਦਰਾਂ ਮਿੰਟ ਵਿੱਚ ਘੱਟੋ-ਘੱਟ ਇਕ ਔਰਤ ਨਾਲ ਭੱਦੀ ਛੇੜਛਾੜ ਹੁੰਦੀ ਹੈ ਤੇ ਹਰ ਤਿੰਨ ਮਿੰਟ ਵਿੱਚ ਇਕ ਔਰਤ ’ਤੇ ਜ਼ੁਲਮ ਹੁੰਦਾ ਹੈ।

ਸੰਨ 2003 ਦੇ ਦਿੱਲੀ ਦੇ ਅੰਕੜੇ ਦੱਸਦੇ ਹਨ ਕਿ 381 ਜ਼ਬਰ-ਜਨਾਹ ਦੇ ਕੇਸ ਦਰਜ ਹੋਏ ਜੋ ਕਿ ਵਧ ਕੇ 2004 ਵਿੱਚ 551 ਤੇ 2005 ਵਿੱਚ ਇਹ ਗਿਣਤੀ 642 ’ਤੇ ਪਹੁੰਚ ਗਈ। ਇਨ੍ਹਾਂ ਵਿੱਚੋਂ 2004 ਵਿੱਚ ਸਮੂਹਿਕ ਬਲਾਤਕਾਰਾਂ ਦੀ ਗਿਣਤੀ ਇੱਕੀ ਸੀ ਜਿਹੜੀ 2005 ਵਿੱਚ 34 ਤਕ ਅੱਪੜ ਗਈ। ਹਾਲਾਂਕਿ ਅਸਲ ਵਿੱਚ ਇਹ ਗਿਣਤੀ ਕਈ ਗੁਣਾਂ ਜ਼ਿਆਦਾ ਹੈ, ਕਿਉਂਕਿ ਬਹੁਤ ਸਾਰੇ ਮਾਮਲੇ ਤਾਂ ਦਰਜ ਹੀ ਨਹੀਂ ਹੋਏ।

ਪੰਜਾਬ ਵਿੱਚ ਸੰਨ 2003 ਵਿੱਚ ਦਰਜ ਹੋਏ ਬਲਾਤਕਾਰਾਂ ਦੀ



ਗਿਣਤੀ 540 ਸੀ ਜੋ 2004 ਵਿੱਚ ਵਧ ਕੇ 570, 2005 ਵਿੱਚ 600 ਅਤੇ 2006 ਵਿੱਚ 31 ਮਾਰਚ ਤਕ 150 ਹੋ ਵੀ ਚੁੱਕੀ ਹੈ। ਇਕੱਲੇ ਪਟਿਆਲਾ ਜ਼ਿਲ੍ਹੇ ਵਿੱਚ ਪੁਲਿਸ ਸੂਤਰਾਂ ਅਨੁਸਾਰ ਬਲਾਤਕਾਰਾਂ ਦੀ ਗਿਣਤੀ 2004 ਵਿੱਚ 23 ਸੀ, ਜੋ 2005 ਵਿੱਚ 20 ਅਤੇ 2006 ਵਿੱਚ 31 ਮਾਰਚ ਤਕ 5 ਤਕ ਪਹੁੰਚ ਚੁੱਕੀ ਹੈ। ਔਰਤਾਂ ਉੱਤੇ ਹੋਏ ਜ਼ੁਲਮਾਂ ਜਿਨ੍ਹਾਂ ਵਿੱਚ ਕਤਲ, ਦਾਜ ਕਰਕੇ ਅਤੇ ਮਾਰ ਕੁਟਾਈ ਸਮੇਤ 2004 ਵਿੱਚ 197, 2005 ਵਿੱਚ 185 ਅਤੇ 31 ਮਾਰਚ 2006 ਤਕ 40 ਕੇਸ ਦਰਜ ਹੋਏ ਹਨ।

ਇਹ ਤਾਂ ਗੱਲ ਹੋਈ ਔਰਤਾਂ ਉੱਤੇ ਹੁੰਦੇ ਜ਼ੁਲਮ ਦੀ; ਪਰ, ਜਿਹੜੀਆਂ ਮਾਵਾਂ ਇਸ ਦਾ ਸੇਵਨ ਕਰ ਰਹੀਆਂ ਹੋਣ, ਉਨ੍ਹਾਂ ਦੇ ਢਿੱਡ ਅੰਦਰ ਪਲ ਰਹੇ ਬੱਚੇ ’ਤੇ ਇਸ ਦਾ ਹੋਰ ਵੀ ਮਾੜਾ ਅਸਰ ਪੈਂਦਾ ਹੈ।

ਜਿਹੜੀ ਜੱਚਾ ਕੋਕੀਨ ਲੈਂਦੀ ਹੋਵੇ ਉਹ ਵੈਸੇ ਵੀ ਤਾਂ ਚੰਗੀ ਮਾਂ ਸਾਬਤ ਹੋ ਨਹੀਂ ਸਕਦੀ ਕਿਉਂਕਿ ਉਹ ਬੱਚੇ ਦਾ ਪੂਰਾ ਖ਼ਿਆਲ ਹੀ ਨਹੀਂ ਰੱਖ ਸਕਦੀ ਤੇ ਨਾ ਹੀ ਬੱਚੇ ਦੀ ਪਿਆਰ ਦੀ ਲੋੜ ਨੂੰ ਸਮਝ ਸਕਦੀ ਹੈ। ਕੋਕੀਨ ਦੇ ਅਸਰ ਹੇਠ ਨਵਜੰਮਿਆਂ ਬੱਚਾ ਲੰਬਾਈ ਤੇ ਭਾਰ ਵਿੱਚ ਘੱਟ ਰਹਿ ਜਾਂਦਾ ਹੈ ਤੇ ਉਸ ਦਾ ਸਿਰ ਵੀ ਛੋਟਾ ਰਹਿ ਜਾਂਦਾ ਹੈ। ਕੁਝ ਬੱਚਿਆਂ ਵਿੱਚ ਜਮਾਂਦਰੂ ਨੁਕਸ ਵੀ ਦੇਖੇ ਜਾ ਸਕਦੇ ਹਨ, ਜਿਨ੍ਹਾਂ ਵਿੱਚ ਗੁਰਦੇ, ਦਿਲ, ਦਿਮਾਗ਼, ਪੇਟ ਜਾਂ ਬਾਹਵਾਂ ਲੱਤਾਂ ਵਿੱਚ ਨੁਕਸ ਪੈ ਜਾਂਦੇ ਹਨ। ਦੋ ਜਾਂ ਤਿੰਨ ਸਾਲ ਦੀ ਉਮਰ ਤਕ ਪਹੁੰਚਦੇ ਇਹ ਬੱਚੇ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰਨ ਲੱਗ ਪੈਂਦੇ ਹਨ ਤੇ ਦਿਮਾਗ਼ੀ ਪੱਖੋਂ ਵੀ ਬਾਕੀਆਂ ਤੋਂ ਕੁਝ ਪਿੱਛੇ ਰਹਿ ਜਾਂਦੇ ਹਨ।

ਮੌਰਫ਼ੀਨ, ਅਫ਼ੀਮ ਜਾਂ ਹੈਰੋਇਨ ਖਾਣ ਵਾਲੀਆਂ ਮਾਵਾਂ ਦੇ ਢਿੱਡ ਅੰਦਰਲੇ ਭਰੂਣ ਦਾ ਵੀ ਵਧਣਾ ਫੁਲਣਾ ਰੁਕ ਜਾਂਦਾ ਹੈ। ਨਸ਼ੇ ਦੇ ਆਦੀ ਹੋ ਜਾਣ ਕਾਰਨ ਜਨਮ ਤੋਂ ਬਾਅਦ ਜਦੋਂ ਬੱਚੇ ਦਾ ਨਸ਼ਾ ਉੱਤਰਦਾ ਹੈ ਤਾਂ ਉਸ ਨੂੰ ਕੰਬਣੀ ਛਿੜ ਸਕਦੀ ਹੈ, ਚਿੜਚਿੜਾਪਨ, ਪਸੀਨਾ ਆਉਣਾ, ਟੱਟੀਆਂ, ਉਲਟੀਆਂ, ਨੱਕ ਬੰਦ ਹੋਣਾ ਜਾਂ ਦੁੱਧ ਪੀਣ ਵਿੱਚ ਤਕਲੀਫ਼ ਹੋ ਸਕਦੀ ਹੈ। ਦੋ ਤਿੰਨ ਵਰ੍ਹਿਆਂ ਦੀ ਉਮਰ ’ਤੇ ਜਾ ਕੇ ਇਨ੍ਹਾਂ ਬੱਚਿਆਂ ਦੀ ਯਾਦ-ਸ਼ਕਤੀ

ਵੀ ਘਟ ਜਾਂਦੀ ਹੈ ਤੇ ਇਕਾਗਰਤਾ ਨਾਲ ਪੜ੍ਹਾਈ ਵੀ ਨਹੀਂ ਕਰ ਸਕਦੇ। ਮਾਂ ਵੱਲੋਂ ਪੂਰਾ ਪਿਆਰ ਨਾ ਮਿਲਣ ਕਾਰਨ ਚੰਗੇ ਸ਼ਹਿਰੀ ਬਣਨ ਦੀ ਉਮੀਦ ਵੀ ਘਟ ਜਾਂਦੀ ਹੈ।

ਜਵਾਨ ਬੱਚੇ ਜਦੋਂ ਨਸ਼ਿਆਂ ਵਿੱਚ ਡੁੱਬਦੇ ਹਨ ਤਾਂ ਨਸ਼ੇ ਦੇ ਅਸਰ ਹੇਠ ਸਮਾਜਿਕ ਬੁਰਾਈਆਂ ਵੱਲ ਸਹਿਜੇ ਹੀ ਧੱਕੇ ਜਾਂਦੇ ਹਨ। ਸਕੂਲਾਂ ਵਿੱਚ ਪਹਿਲਾਂ ਸਬਕ ਪੜ੍ਹਾਇਆ ਜਾਂਦਾ ਹੈ ਤੇ ਫਿਰ ਇਮਤਿਹਾਨ ਹੁੰਦਾ ਹੈ, ਪਰ ਅਸਲੀ ਜ਼ਿੰਦਗੀ ਦੀ ਮੁਸੀਬਤ ਇਹ ਹੈ ਕਿ ਇਮਤਿਹਾਨ ਪਹਿਲਾਂ ਹੁੰਦੇ ਹਨ ਤੇ ਸਬਕ ਫੇਰ ਮਿਲਦਾ ਹੈ। ਏਸੇ ਹੀ ਤਰ੍ਹਾਂ ਨਸ਼ੇ ਵਿੱਚ ਡੁੱਬਣ ਵਾਲੇ ਜਵਾਨ ਬੱਚਿਆਂ ਦਾ ਹਾਲ ਹੁੰਦਾ ਹੈ। ਸਿਹਤ ਖ਼ਰਾਬ ਕਰਕੇ ਨਸ਼ੇ ਤੋਂ ਤੌਬਾ ਕਰਨ ਦੀ ਕੋਸ਼ਿਸ਼ ਕਰਦੇ ਹਨ ਪਰ ਬਹੁਤੀ ਵਾਰ ਇਹ ਕੋਸ਼ਿਸ਼ ਕਾਮਯਾਬ ਹੁੰਦੀ ਨਹੀਂ ਤੇ ਨਾ ਹੀ ਦੂਜੇ ਬੱਚੇ ਇਸ ਤੋਂ ਸਬਕ ਲੈਣ ਦੀ ਕੋਸ਼ਿਸ਼ ਕਰਦੇ ਹਨ। ਬਹੁਤੇ ਬੱਚੇ ਆਪ ਇਸ ਨੂੰ ਅਜ਼ਮਾ ਕੇ ਹੀ ਤੌਬਾ ਕਰਨੀ ਚਾਹੁੰਦੇ ਹਨ। ਜਿਹੜੇ ਤਾਂ ਸਵਾਦ ਚੱਖ ਕੇ ਹਟ ਗਏ, ਉਹ ਤਾਂ ਸਮਝੋ ਤਰ ਗਏ ਪਰ ਜਿਹੜੇ ਇਸ ਦਲਦਲ ਵਿੱਚ ਫਸ ਗਏ, ਉਹ ਆਪ ਤਾਂ ਡੁੱਬਦੇ ਹੀ ਹਨ ਆਪਣੇ ਟੱਬਰ ਨੂੰ ਵੀ ਲੈ ਡੁੱਬਦੇ ਹਨ।

ਭੰਗ, ਹਸ਼ੀਸ਼ ਤੇ ਗਾਂਜਾ ਖਾਣ ਵਾਲੇ ਜਵਾਨ ਬੱਚੇ ਇਸ ਨੂੰ ਸਿਗਰਟ ਵਿੱਚ ਪਾ ਕੇ ਪੀ ਲੈਂਦੇ ਹਨ, ਖਾਣ ਵਾਲੀਆਂ ਚੀਜ਼ਾਂ ਵਿੱਚ ਮਿਲਾ ਕੇ ਖਾ ਲੈਂਦੇ ਹਨ ਜਾਂ ਤੇਲ ਦੀ ਸ਼ਕਲ ਵਿੱਚ ਵੀ ਪੀ ਲੈਂਦੇ ਹਨ, ਜਿਵੇਂ ਹਸ਼ੀਸ਼ ਦਾ ਤੇਲ।

ਸਿਗਰਟ ਵਿੱਚ ਲੈਣ ਨਾਲ ਇਸ ਦਾ ਅਸਰ ੧੦ ਮਿੰਟਾਂ ਤੋਂ ਪਹਿਲਾਂ ਹੀ ਸ਼ੁਰੂ ਹੋ ਜਾਂਦਾ ਹੈ ਤੇ ਤਿੰਨ ਘੰਟੇ ਤਕ ਸਰੂਰ ਕਾਇਮ ਰਹਿੰਦਾ ਹੈ। ਮੂੰਹ ਰਾਹੀਂ ਲੈਣ ਨਾਲ ਅਸਰ ਕੁਝ ਲੇਟ ਸ਼ੁਰੂ ਹੁੰਦਾ ਹੈ ਯਾਨੀ ਅੱਧਾ ਪੌਣਾ ਘੰਟਾ ਬਾਅਦ, ਪਰ ਸਰੂਰ ਵੀ ੬ ਜਾਂ ੭ ਘੰਟੇ ਤਕ ਰਹਿ ਜਾਂਦਾ ਹੈ।

ਭੰਗ, ਗਾਂਜਾ ਜਾਂ ਹਸ਼ੀਸ਼ ਲੈਣ ਨਾਲ ਬੰਦਾ ਰੰਗ-ਬਿਰੰਗੇ ਸੁਪਨਿਆਂ ਦੀ ਦੁਨੀਆਂ ਵਿੱਚ ਪਹੁੰਚ ਜਾਂਦਾ ਹੈ, ਮਸਤ ਹੋ ਜਾਂਦਾ ਹੈ, ਖ਼ੁਸ਼ੀ ਦਾ ਅਹਿ-ਸਾਸ ਪਾਲ ਲੈਂਦਾ ਹੈ ਅਤੇ ਸਭ ਬੰਦਸ਼ਾਂ ਤੋੜ ਦਿੰਦਾ ਹੈ। ਉਸ ਨੂੰ ਵਕਤ ਅਤੇ



ਥਾਂ ਦੀ ਹੋਸ਼ੋ ਹਵਾਸ ਨਹੀਂ ਰਹਿੰਦੀ, ਬੁਖਲਾਹਟ ਵਿੱਚ ਫਿਰਨ ਲੱਗ ਪੈਂਦਾ ਹੈ, ਆਪਣੇ ਆਪ ਦੀ ਪਛਾਣ ਹੀ ਨਹੀਂ ਰਹਿੰਦੀ ਤੇ ਬੰਦਾ ਸੋਚਦਾ ਹੈ ਕਿ ਉਹ ਆਪਣੇ ਹੀ ਸਰੀਰ ਤੋਂ ਬਾਹਰ ਖੜ੍ਹਾ ਹੈ। ਉਸ ਨੂੰ ਅਸੀਮ ਘਬਰਾਹਟ ਵੀ ਹੋ ਸਕਦੀ ਹੈ, ਅਲੱਗ-ਅਲੱਗ ਤਰ੍ਹਾਂ ਦੇ ਰੰਗ ਦਿੱਸਣ ਲੱਗ ਪੈਂਦੇ ਹਨ। ਰੋਸ਼ਨੀ ਦਾ ਅਹਿਸਾਸ ਵੀ ਘਟ ਜਾਂਦਾ ਹੈ ਤੇ ਬੰਦਾ ਬਹੁਤੀ ਦੇਰ ਅੱਖਾਂ ਖੋਲ੍ਹ ਨਹੀਂ ਸਕਦਾ। ਏਸੇ ਕਰਕੇ ਕਾਰ ਜਾਂ ਸਕੂਟਰ ਚਲਾਉਣਾ ਖ਼ਤਰਨਾਕ ਹੋ ਸਕਦਾ ਹੈ।

ਨਸ਼ਾ ਸੇਵਨ ਨਾਲ ਅੱਖਾਂ ਲਾਲ ਸੁਰਖ਼ ਹੋ ਜਾਂਦੀਆਂ ਹਨ ਤੇ ਬਲੱਡ ਪ੍ਰੈਸ਼ਰ ਘਟ ਜਾਂਦਾ ਹੈ। ਧੜਕਣ ਵਧ ਜਾਂਦੀ ਹੈ। ਛਾਤੀ ਦੀਆਂ ਨਾੜੀਆਂ ਸੁੰਗੜ ਜਾਂਦੀਆਂ ਹਨ ਤੇ ਖੰਘ ਹੋ ਸਕਦੀ ਹੈ। ਹੌਲੀ-ਹੌਲੀ ਛਾਤੀ ਵਿੱਚ ਕੀਟਾਣੂਆਂ ਦਾ ਹਮਲਾ ਵੀ ਹੋ ਜਾਂਦਾ ਹੈ। ਭੁੱਖ ਵੀ ਵਧ ਸਕਦੀ ਹੈ ਤੇ ਜਵਾਨ ਬੱਚੇ ਦੀ ਜਵਾਨੀ ਦੇ ਕਦਮ ਚਿੰਨ੍ਹ ਰੁਕ ਜਾਂਦੇ ਹਨ ਅਤੇ ਸ਼ੁਕਰਾਣੂ ਘਟ ਜਾਂਦੇ ਹਨ। ਉਸ ਦੀ ਛਾਤੀ ਵਧਣੀ ਸ਼ੁਰੂ ਹੋ ਜਾਂਦੀ ਹੈ ਤੇ ਮਰਦਊਪੁਣੇ ਵਿੱਚ ਘਾਟ ਹੋ ਜਾਂਦੀ ਹੈ।

ਮਾਂ ਦੇ ਦੁੱਧ ਰਾਹੀਂ ਵੀ ਇਹ ਨਸ਼ਾ ਬੱਚੇ ਦੇ ਸਰੀਰ ਅੰਦਰ ਪਹੁੰਚ ਕੇ ਛੋਟੇ ਬੱਚੇ ਦੇ ਪੱਠਿਆਂ ਨੂੰ ਕਮਜ਼ੋਰ ਪਾ ਦਿੰਦਾ ਹੈ ਤੇ ਪੜ੍ਹਾਈ ਵੇਲੇ ਬੱਚੇ ਦੀ ਯਾਦਦਾਸ਼ਤ ਵੀ ਘਟ ਜਾਂਦੀ ਹੈ। ਜੇ ਸ਼ਰਾਬ ਦੇ ਨਾਲ ਭੰਗ ਲੈ ਲਈ ਜਾਵੇ ਤਾਂ ਨਸ਼ਾ ਡੂੰਘਾ ਹੋ ਜਾਂਦਾ ਹੈ ਤੇ ਬੇਹੋਸ਼ੀ ਵੀ ਹੋ ਜਾਂਦੀ ਹੈ। ਬੰਦਾ ਮਾਰ ਕੁਟਾਈ ਜਾਂ ਝਗੜਾ ਕਰ ਸਕਦਾ ਹੈ, ਬਹੁਤ ਜ਼ਿਆਦਾ ਘਬਰਾਹਟ ਵਿੱਚ ਦਿਮਾਗੀ ਪਰੇਸ਼ਾਨੀ ਸਹੇੜ ਲੈਂਦਾ ਹੈ।

ਨਸ਼ਾ ਉਤਰਦੇ ਸਾਰ ਜੀਅ ਕੱਚਾ ਹੋਣਾ, ਉਲਟੀਆਂ, ਟੱਟੀਆਂ, ਨੀਂਦਰ ਨਾ ਆਉਣੀ, ਘਬਰਾਹਟ, ਭੁੱਖ ਮਰ ਜਾਣੀ, ਹੱਥ ਪੈਰ ਕੰਬਣੇ ਜਾਂ ਨਿਗਾਹ ਨਾ ਟਿਕਣੀ ਆਦਿ ਵਰਗੇ ਲੱਛਣ ਹੋ ਸਕਦੇ ਹਨ।

ਭਾਵੇਂ ਨਸ਼ਾ ਉਤਰਨ ਤੇ ਇਲਾਜ ਦੀ ਬਹੁਤੀ ਲੋੜ ਨਹੀਂ ਹੁੰਦੀ, ਪਰ ਜੇ ਗ਼ਲਤੀ ਨਾਲ ਜ਼ਿਆਦਾ ਨਸ਼ਾ ਲੈ ਲਿਆ ਹੋਵੇ ਤਾਂ ਢਿੱਡ ਵਿੱਚੋਂ ਡਾਕਟਰ ਕੋਲੋਂ ਨਸ਼ੀਲੇ ਪਦਾਰਥ ਕਢਵਾਏ ਜਾ ਸਕਦੇ ਹਨ ਤੇ ਦਵਾਈਆਂ

ਨਾਲ ਜਵਾਨ ਬੱਚੇ ਨੂੰ ਸ਼ਾਂਤ ਕੀਤਾ ਜਾ ਸਕਦਾ ਹੈ।

ਭੰਗ ਜਾਂ ਹਸ਼ੀਸ਼ ਤੋਂ ਇਲਾਵਾ ਡੇਟ ਰੇਪ ਦਵਾਈਆਂ, ਕੈਟਾਮੀਨ, ਹੈਰੋਇਨ ਦਾ ਸੁੰਘਣਾ, ਖੰਘ ਦੀਆਂ ਦਵਾਈਆਂ ਜਾਂ ਢਿੱਡ ਪੀੜ ਦੇ ਕੈਪਸੂਲ, ਪੈਟਰੋਲ ਸੁੰਘਣਾ, ਆਇਓਡੈਕਸ, ਬੂਟ ਪਾਲਿਸ਼, ਖਾਣਾ ਵੀ ਨਸ਼ਾ ਕਰਨ ਲਈ ਆਮ ਵਰਤੋਂ ਵਿੱਚ ਹਨ। ਡੇਟ ਰੇਪ ਗੋਲੀਆਂ ਤਾਂ ਬਲਾਤਕਾਰੀਆਂ ਨੇ ਗ਼ਲਤ ਵਰਤੋਂ ਲਈ ਧੋਖੇ ਨਾਲ ਠੰਡਿਆਂ ਵਿੱਚ ਮਿਲਾ ਕੇ ਦੇਣੀਆਂ ਸ਼ੁਰੂ ਕਰ ਛੱਡੀਆਂ ਹਨ।

ਅਫ਼ੀਮ ਖਾਣ ਨਾਲ ਅੱਖਾਂ ਦੀਆਂ ਪੁਤਲੀਆਂ ਸੁੰਗੜ ਜਾਂਦੀਆਂ ਹਨ, ਕਬਜ਼ ਹੋ ਜਾਂਦੀ ਹੈ ਤੇ ਸਰੀਰ ਥੱਕਿਆ ਟੁੱਟਿਆ ਰਹਿਣ ਲੱਗ ਜਾਂਦਾ ਹੈ। ਸ਼ੁਰੂ-ਸ਼ੁਰੂ ਵਿੱਚ ਇਸ ਦੇ ਅਸਰ ਹੇਠ ਬੰਦਾ ਕੰਮ ਕਰਨ ਵਿੱਚ ਲੱਗਿਆ ਰਹਿੰਦਾ ਹੈ; ਪਰ ਫੇਰ, ਹੌਲੀ-ਹੌਲੀ ਸਰੀਰ ਕੰਮ ਕਰਨ ਤੋਂ ਨਕਾਰਾ ਹੋ ਜਾਂਦਾ ਹੈ।

ਜਦੋਂ ਵੀ ਜਵਾਨ ਬੱਚੇ ਵਿੱਚ ਅੱਗੇ ਦੱਸੀਆਂ ਅਲਾਮਤਾਂ ਨਜ਼ਰ ਆਉਣੀਆਂ ਸ਼ੁਰੂ ਹੋ ਜਾਣ ਤਾਂ ਮਾਪਿਆਂ ਦੇ ਕੰਨ ਖੜ੍ਹੇ ਹੋ ਜਾਣੇ ਚਾਹੀਦੇ ਹਨ ਕਿ ਕਿਤੇ ਬੱਚਾ ਨਸ਼ੀਲੇ ਪਦਾਰਥਾਂ ਦੀ ਵਰਤੋਂ ਤਾਂ ਨਹੀਂ ਕਰਨ ਲੱਗ ਪਿਆ ਅਤੇ ਡਾਕਟਰੀ ਸਲਾਹ ਬਹੁਤ ਜ਼ਰੂਰੀ ਹੋ ਜਾਂਦੀ ਹੈ। ਇਹ ਹਨ:

- ਵਾਰ-ਵਾਰ ਐਕਸੀਡੈਂਟ ਹੋਣੇ
- ਵਾਰ-ਵਾਰ ਸੱਟਾਂ ਵੱਜਣੀਆਂ
- ਮਨੋਰੋਗੀ ਹੋਣਾ
- ਬਹੁਤ ਜ਼ਿਆਦਾ ਕਮਜ਼ੋਰੀ
- ਲੰਬਾ ਬੁਖ਼ਾਰ ਜਾਂ ਬਿਮਾਰੀ ਜਿਸ ਦਾ ਕਾਰਨ ਨਾ ਲੱਭੇ
- ਬਹੁਤ ਜ਼ਿਆਦਾ ਸੁਸਤੀ ਜਾਂ ਚਿੜਚਿੜਾਪਣ
- ਦੋਸਤਾਂ ਨਾਲ ਲੜਾਈ ਕਰਦੇ ਰਹਿਣ ਲੱਗ ਪੈਣਾ
- ਪੜ੍ਹਾਈ ਵਿੱਚ ਇਕਦਮ ਪਿੱਛੇ ਰਹਿ ਜਾਣਾ
- ਆਤਮ-ਹੱਤਿਆ ਦੀ ਕੋਸ਼ਿਸ਼



- ਚੋਰੀ ਕਰਨੀ ਸ਼ੁਰੂ ਕਰ ਦੇਣੀ
- ਚੀਜ਼ਾਂ ਵੇਚਣੀਆਂ ਸ਼ੁਰੂ ਕਰ ਦੇਣੀਆਂ
- ਬਹੁਤ ਜ਼ਿਆਦਾ ਝੂਠ ਬੋਲਣਾ
- ਆਵਾਜ਼ ਵਿੱਚ ਬਦਲਾਅ ਜਾਂ ਲੜਖੜਾਉਣਾ
- ਦੋਸਤਾਂ ਜਾਂ ਰਿਸ਼ਤੇਦਾਰਾਂ ਤੋਂ ਕਤਰਾਉਣਾ
- ਢਹਿੰਦੀ ਕਲਾ ਵਿੱਚ ਰਹਿਣਾ
- ਨਿੱਕੀ ਜਿਹੀ ਗੱਲ 'ਤੇ ਇਕਦਮ ਗੁੱਸੇ ਵਿੱਚ ਭੜਕਣਾ ਸ਼ੁਰੂ ਹੋ ਜਾਣਾ
- ਭੁੱਖ ਮਰ ਜਾਣੀ ਜਾਂ ਬਹੁਤ ਜ਼ਿਆਦਾ ਖਾਣਾ ਸ਼ੁਰੂ ਹੋ ਜਾਣਾ
- ਨਸਾਂ ਉੱਤੇ ਸੂਈ ਦੇ ਨਿਸ਼ਾਨ ਹੋਣੇ

ਨਸ਼ੀਲੇ ਪਦਾਰਥਾਂ ਨੂੰ ਚੱਖਣ ਦੀ ਹੋੜ ਇਸ ਕਦਰ ਵਧ ਰਹੀ ਹੈ ਕਿ ਜਿੱਥੇ ਜਵਾਨ ਬੱਚੇ ਆਪਣੀ ਜਵਾਨੀ ਗਾਲ ਰਹੇ ਹਨ ਉੱਥੇ ਬਾਕੀ ਦਾ ਸਾਰਾ ਟੱਬਰ ਵੀ ਤਬਾਹ ਹੋ ਜਾਂਦਾ ਹੈ। ਪਿੰਡਾਂ ਦੇ ਪਿੰਡ ਇਨ੍ਹਾਂ ਨਸ਼ਿਆਂ ਵਿੱਚ ਡੁੱਬਦੇ ਜਾ ਰਹੇ ਹਨ।

ਨਵਜੰਮੇ ਬੱਚੇ ਵੀ ਇਸ ਦੀ ਮਾਰ ਤੋਂ ਨਹੀਂ ਬਚ ਰਹੇ। ਪਿੰਡਾਂ ਵਿੱਚ ਆਮ ਹੀ ਮਾਵਾਂ ਅਫ਼ੀਮ ਚਟਾ ਕੇ ਬੱਚੇ ਨੂੰ ਸੁਆ ਕੇ ਕੰਮ 'ਤੇ ਲੱਗ ਜਾਂਦੀਆਂ ਹਨ। ਖੇਤਾਂ ਵਿੱਚ ਕੰਮ ਕਰਕੇ ਮਜ਼ਦੂਰ ਵੀ ਭੰਗ ਜਾਂ ਅਫ਼ੀਮ ਖਾ ਕੇ ਕੰਮ ਵਿੱਚ ਮਸਤ ਲੱਗੇ ਰਹਿੰਦੇ ਹਨ। ਉਹ ਵਿਚਾਰਿਆਂ ਨੂੰ ਇਹ ਪਤਾ ਹੀ ਨਹੀਂ ਲੱਗਦਾ ਕਿ ਉਨ੍ਹਾਂ ਦੀ ਸੋਚਣ ਸਮਝਣ ਦੀ ਸ਼ਕਤੀ ਨੂੰ ਕਿਵੇਂ ਇਹ ਨਸ਼ਾ ਘੁਣ ਵਾਂਗ ਚਟ ਰਿਹਾ ਹੈ ਤੇ ਹੌਲੀ-ਹੌਲੀ ਉਨ੍ਹਾਂ ਦਾ ਸਰੀਰ ਵੀ ਖੇਰੂੰ-ਖੇਰੂੰ ਹੋ ਰਿਹਾ ਹੈ।

ਜਿੱਥੇ ਰਾਜਸਥਾਨ, ਗੁਜਰਾਤ ਤੇ ਮੱਧ-ਪ੍ਰਦੇਸ਼ ਨਸ਼ਾ ਉਗਾਉਣ ਵਿੱਚ ਲੱਗੇ ਹੋਏ ਹਨ ਉੱਥੇ ਹਰਿਆਣੇ ਦਾ ਇਕ ਪਿੰਡ ਅਜਿਹਾ ਹੈ ਜਿਸ ਦਾ ਬੱਚਾ-ਬੱਚਾ ਅਫੀਮ, ਸੁਲਫਾ, ਸਮੈਕ, ਗਾਂਜਾ ਤੇ ਹੈਰੋਇਨ ਵੇਚਣ ਵਿੱਚ ਲੱਗਾ ਹੋਇਆ ਹੈ।

ਟਨਾਂ ਦੀ ਮਿਕਦਾਰ ਵਿੱਚ ਵਿਕ ਰਿਹਾ ਇਹ ਨਸ਼ਾ। ਪੰਜਾਬ

ਦੀਆਂ ਜੜ੍ਹਾਂ ਵਿੱਚ ਤੇਲ ਪਾਉਣ ਵਿੱਚ ਸਹਾਈ ਸਿੱਧ ਹੋ ਰਿਹਾ ਹੈ। ਸੰਨ 2004 ਵਿੱਚ ਇਕੱਲੇ ਪਟਿਆਲਾ ਵਿੱਚ ਨਸ਼ੀਲੇ ਪਦਾਰਥਾਂ ਦੇ 163 ਕੇਸ ਦਰਜ ਹੋਏ ਸਨ; 2005 ਵਿੱਚ ਇਹ ਗਿਣਤੀ ਵਧ ਕੇ 188 'ਤੇ ਪਹੁੰਚ ਗਈ, ਹਾਲਾਂਕਿ ਨਸ਼ਿਆਂ ਦੀ ਤਸਕਰੀ ਇਸ ਤੋਂ ਕਈ ਗੁਣਾਂ ਵੱਧ ਹੈ। ਏਨੇ ਕੁ ਕੇਸਾਂ ਵਿੱਚੋਂ ਹੀ ਬਰਾਮਦ ਹੋਏ ਨਸ਼ਿਆਂ ਦੀ ਮਾਤਰਾ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਵਰਤੋਂ ਵਿੱਚ ਵਾਧਾ ਕਿੰਨੀ ਤੇਜ਼ੀ ਨਾਲ ਹੋ ਰਿਹਾ ਹੈ। ਜਿੱਥੇ ਸੰਨ 2004 ਵਿੱਚ 20.5 ਕਿੱਲੋ ਅਫ਼ੀਮ, 0.800 ਗ੍ਰਾਮ ਸੁਲਫਾ, 54 ਗ੍ਰਾਮ ਸਮੈਕ ਤੇ 250 ਗ੍ਰਾਮ ਗਾਂਜਾ ਫੜਿਆ ਗਿਆ ਸੀ, ਉੱਥੇ 2005 ਵਿਚਲੇ ਕੇਸਾਂ ਵਿੱਚ 40 ਕਿੱਲੋ ਦੇ ਕਰੀਬ ਅਫ਼ੀਮ, ਢਾਈ ਕਿੱਲੋ ਦੇ ਕਰੀਬ ਸੁਲਫਾ, 2002 ਗ੍ਰਾਮ ਸਮੈਕ, ਸਵਾ ਅੱਠ ਸੌ ਕਿੱਲੋ ਤੋਂ ਉੱਪਰ ਗਾਂਜਾ ਤੇ ਚਾਰ ਕਿਲੋ ਹੈਰੋਇਨ ਵਿਕਰੀ ਲਈ ਪਹੁੰਚੀ, ਫੜੀ ਗਈ ਸੀ।

ਜਿਹੜੇ ਪੰਜਾਬ ਵਿੱਚੋਂ ਅਜੇ ਤਕ ਇੱਥੋਂ ਦੇ ਮਿਹਨਤੀ ਤੇ ਤਗੜੇ ਮੁੱਛਫੁਟ ਗੱਭਰੂ ਸਾਰੇ ਹਿੰਦੁਸਤਾਨ ਨੂੰ ਕਣਕ ਪਹੁੰਚਾਉਂਦੇ ਸਨ ਤੇ ਜਿੱਥੋਂ ਦੇ ਬਜ਼ੁਰਗ ਅੱਜ ਵੀ ਬੋਰੀ ਭਰੀ ਕਣਕ ਦੀ ਸਹਿਜੇ ਹੀ ਪਿੱਠ 'ਤੇ ਚੁੱਕ ਲੈਂਦੇ ਹਨ ਓਥੇ ਅਫ਼ਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਨਵਜੰਮੇ ਬੱਚੇ ਤੋਂ ਲੈ ਕੇ ਭਰ ਜਵਾਨ ਪੰਜਾਬੀ ਨੌਜਵਾਨ ਠਾਠਾਂ ਮਾਰਦੇ ਨਸ਼ੇ ਦੇ ਦਰਿਆ ਵਿੱਚ ਡੁੱਬਣ ਲਈ ਤਿਆਰ ਬੈਠੇ ਹਨ। ਮੈਨੂੰ ਦੁਨੀਆਂ ਦੇ ਕਿਸੇ ਵੱਡੇ ਧਾਰਮਿਕ ਆਗੂ ਦਾ ਪਤਾ ਨਹੀਂ ਜਿਸ ਨੇ ਆਪਣੇ ਪੈਰੋਕਾਰਾਂ ਨੂੰ ਨਸ਼ਿਆਂ ਤੋਂ ਏਨੀ ਸ਼ਿੱਦਤ ਨਾਲ ਰੋਕਿਆ ਹੋਵੇ ਜਿੰਨੀ ਨਾਲ ਗੁਰੂ ਗੋਬਿੰਦ ਸਿੰਘ ਜੀ ਨੇ ਰੋਕਿਆ ਸੀ। ਸਾਡੀ ਪੀੜ੍ਹੀ ਦੇ ਪੰਜਾਬੀਆਂ ਨੂੰ ਨਸ਼ੇ ਸੇਵਨ ਦੇ ਜਿਹੜੇ ਅੰਕੜੇ ਮੈਂ ਉੱਤੇ ਦੇ ਆਈ ਹਾਂ ਤੇ ਜੋ ਸਰਕਾਰੀ ਰਿਪੋਰਟਾਂ ਤੋਂ ਲੱਭੇ ਹੋਏ ਹਨ, ਉਹ ਗੁਰੂ ਗੋਬਿੰਦ ਸਿੰਘ ਦੇ ਕਾਰਜ ਖੇਤਰ ਅਰਥਾਤ ਪੰਜਾਬ ਵਿੱਚ ਏਨੀ ਭਾਰੀ ਮਾਤਰਾ ਵਿੱਚ ਵਰਤੇ ਜਾਂਦੇ ਹੋਣ ਤਾਂ ਕੀ ਸਾਨੂੰ ਸ਼ਰਮ ਨਾਲ ਸਿਰ ਨੀਵਾਂ ਕਰਕੇ ਇਸ ਜਾਨਲੇਵਾ ਰੋਗ ਨੂੰ ਠੱਲ੍ਹ ਪਾਉਣ ਲਈ ਕਸਮ ਨਹੀਂ ਚੁੱਕਣੀ ਚਾਹੀਦੀ?

ਜੇ ਵੇਲੇ ਸਿਰ ਇਸ ਨੂੰ ਠੱਲ੍ਹ ਨਾ ਪਾਈ ਗਈ ਤਾਂ ਉਹ ਵੇਲਾ ਦੂਰ ਨਹੀਂ ਜਦੋਂ ਪੰਜਾਬੀ ਗੱਭਰੂ ਨਸ਼ਿਆਂ ਕਾਰਨ ਨਪੁੰਸਕ ਹੋ ਜਾਣਗੇ ਤੇ ਪੂਰੀ



ਕੌਮ ਤਬਾਹ ਹੋ ਜਾਵੇਗੀ।

ਮੇਰੇ ਵਿਸ਼ੇਸ਼ ਪੇਸ਼ਾਵਰ ਖੇਤਰ ਦਾ ਸੰਬੰਧ ਬੱਚਿਆਂ ਨਾਲ ਹੈ ਤੇ ਬੱਚਿਆਂ ਨੇ ਹੀ ਕਿਸੇ ਕੌਮ ਜਾਂ ਦੇਸ਼ ਦੀ ਤਾਕਤ ਜਾਂ ਕਮਜ਼ੋਰੀ ਬਣਨਾ ਹੁੰਦਾ ਹੈ। ਜਦੋਂ ਮੈਂ ਹਰ ਸਾਲ ਨਸ਼ਿਆਂ ਦੇ ਸੇਵਨ ਦੀ ਮਾਤਰਾ ਸਕੂਲ ਦੇ ਬੱਚਿਆਂ ਦੀ ਪੱਧਰ ਉੱਤੇ ਵੀ ਛਾਲਾਂ ਮਾਰ ਕੇ ਵਧਦੀ ਦੇਖਦੀ ਹਾਂ ਤਾਂ ਲਹੂ ਦੇ ਹੰਝੂ ਕੇਰਦੀ ਹਾਂ। ਕੀ ਬਣੇਗਾ ਮੇਰੇ ਪਿਆਰੇ ਪੰਜਾਬ ਦਾ? ਕਿੰਨਾ ਚਿਰ ਸੁੱਤੇ ਰਹਿਣੇ ਸਾਡੇ ਕਾਨੂੰਨ ਘਾੜੇ? ਕਦੋਂ ਹੋਸ਼ ਆਵੇਗੀ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਦੇ ਖੁੱਲ੍ਹੀਆਂ ਤਨਖ਼ਾਹਾਂ ਲੈਣ ਵਾਲੇ ਉਸਤਾਦਾਂ ਤੇ ਪ੍ਰਬੰਧਕਾਂ ਨੂੰ?

ਹੋਰ ਕਾਨੂੰਨੀ ਜਾਂ ਸਮਾਜਿਕ ਤਰੀਕਿਆਂ ਨਾਲ ਨਸ਼ੇ ਰੋਕਣ ਦਾ ਕੰਮ ਅਸੈਂਬਲੀਆਂ ਵਿੱਚ ਬੈਠੇ ਬਜ਼ੁਰਗਾਂ ਦਾ ਹੈ। ਮੇਰੀ ਤਾਂ ਮਾਪਿਆਂ ਅੱਗੇ ਹੱਥ ਬੰਨ੍ਹ ਕੇ ਅਰਜ਼ ਹੈ ਕਿ ਜੇ ਆਪਣਿਆਂ ਬੱਚਿਆਂ ਨੂੰ ਤਬਾਹੀ ਤੋਂ ਬਚਾਉਣਾ ਹੈ ਤਾਂ ਇਨ੍ਹਾਂ ਨੂੰ ਪਿਆਰ ਦਿਓ ਤੇ ਵੇਲੇ ਸਿਰ ਇਨ੍ਹਾਂ ਦੀਆਂ ਗੁੰਝਲਾਂ ਸੁਲਝਾਓ, ਤਾਂ ਜੋ ਉਹ ਰੋਗੀ ਰੁਚੀਆਂ ਤੋਂ ਬਚੇ ਰਹਿਣ ਅਤੇ ਉਸਾਰੂ ਕੰਮਾਂ ਵਿੱਚ ਲੱਗਣ।

ਡਾ. ਹਰਸ਼ਿੰਦਰ ਕੌਰ, ਐਮ.ਡੀ.,
ਬੱਚਿਆਂ ਦੀ ਮਾਹਰ,
28, ਪ੍ਰੀਤ ਨਗਰ, ਲੋਅਰ ਮਾਲ,
ਪਟਿਆਲਾ।
ਫ਼ੋਨ ਨੰ: 0175-2216783

-o-

# ਪੰਜਾਬ ਕਿਵੇਂ ਹੋਵੇ ਨਸ਼ਿਆਂ ਤੋਂ ਮੁਕਤ

**ਮੋਹਨ ਸ਼ਰਮਾ**

ਪੰਜਾਬ ਦੀ ਨਸ਼ਿਆਂ ਕਾਰਨ ਸਥਿਤੀ ਉਸ ਗ਼ੁਬਾਰੇ ਵਰਗੀ ਬਣੀ ਹੋਈ ਹੈ ਜਿਹੜਾ ਅਣਗਿਣਤ ਸੂਈਆਂ ਦੀ ਨੋਕ 'ਤੇ ਖੜ੍ਹਾ ਹੋਵੇ। ਨਸ਼ਿਆਂ ਦੀ ਮਹਾਂਮਾਰੀ ਨੇ ਅਨੇਕਾਂ ਉਮੰਗਾਂ ਤੇ ਤਰੰਗਾਂ ਨਾਲ ਭਰਪੂਰ ਨੌਜਵਾਨ ਬਰਬਾਦੀ ਦੀ ਰਾਹ ਤੋਰ ਦਿੱਤੇ ਹਨ। ਪੰਜਾਬ ਅੰਦਰ ਰੋਜ਼ਾਨਾ ਔਸਤਨ ੧੪੪ ਅਪਰਾਧਿਕ ਮਾਮਲੇ, ਦਸ ਘੰਟਿਆਂ ਬਾਅਦ ਇਕ ਕਤਲ, ਦੋ ਕਾਤਲਾਨਾ ਹਮਲੇ, ੧੧ ਚੋਰੀ ਦੀਆਂ ਵਾਰਦਾਤਾਂ, ਹਰ ੨ ਦਿਨਾਂ ਬਾਅਦ ਇਕ ਵਿਅਕਤੀ ਦਾ ਅਗਵਾ ਹੋਣਾ ਅਤੇ ਫਿਰੌਤੀਆਂ ਅਤੇ ਕਤਲਾਂ ਦਾ ਰੁਝਾਨ, ਦੋ ਦਿਨਾਂ ਵਿੱਚ ਬਲਾਤਕਾਰ, ਦੋ ਦਿਨਾਂ ਵਿੱਚ ੭ ਵਿਅਕਤੀਆਂ ਨਾਲ ਝਪਟਮਾਰੀ ਅਤੇ ਗੈਂਗਸਟਰਾਂ ਵੱਲੋਂ ਦਿਨ-ਦਿਹਾੜੇ ਕੀਤੀਆਂ ਜਾਂਦੀਆਂ ਵਾਰਦਾਤਾਂ ਨੇ ਪੰਜਾਬ ਅੰਦਰ ਅਸੁਰੱਖਿਆ ਦਾ ਮਾਹੌਲ ਪੈਦਾ ਕੀਤਾ ਹੈ। ਧੀਆਂ ਦੇ ਰਾਖੇ ਬਾਬਲਾਂ ਦਾ ਦਿਨ ਦਿਹਾੜੇ ਕਤਲ ਕਰਨਾ, ਧੀਆਂ ਨੂੰ ਘਰੋਂ ਉਧਾਲ ਕੇ ਲੈ ਜਾਣਾ, ਬਿਨਾਂ ਕਿਸੇ ਡਰ ਭੈਅ ਦੇ ਨਾਜਾਇਜ਼ ਹਥਿਆਰਾਂ ਦੀ ਨੁਮਾਇਸ਼ ਅਤੇ ਨਾਜਾਇਜ਼ ਨਸ਼ੇ ਵੇਚਣ ਦੇ ਧੰਦੇ ਨੇ ੨੧ਵੀਂ ਸਦੀ ਦੇ ਪੰਜਾਬ ਦੀ ਨੀਂਹ ਹੈਰੋਇਨ, ਸਮੈਕ ਦੇ ਪੈਕਟਾਂ, ਨਸ਼ੇ ਦੇ ਕੈਪਸੂਲਾਂ, ਗੋਲੀਆਂ, ਟੀਕਿਆਂ, ਸ਼ਰਾਬ ਦੀਆਂ ਬੋਤਲਾਂ ਅਤੇ ਭੁੱਕੀ ਦੇ ਢੇਰਾਂ ਉੱਤੇ ਰੱਖ ਦਿੱਤੀ ਹੈ। ਪੰਜਾਬੀਆਂ ਦੀ ਹਾਲਤ ਕੱਖੋਂ ਹੌਲੀ ਹੋ ਗਈ ਹੈ। ਇਸ ਗੰਭੀਰ ਸਮੱਸਿਆ ਦਾ ਚਿੰਤਨ ਕਰਨ ਤੋਂ ਪਹਿਲਾਂ ਤਿੰਨ ਚਾਰ ਘਟਨਾਵਾਂ ਦਾ ਵਰਣਨ ਕਰਨਾ ਜ਼ਰੂਰੀ ਹੈ:

ਕੁਝ ਸਮਾਂ ਪਹਿਲਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਨਸ਼ਿਆਂ ਦੇ ਰੁਝਾਨ ਸੰਬੰਧੀ ਹੋਏ ਸੈਮੀਨਾਰ 'ਚ ਇਕ ਦਿਆਨਤਦਾਰ, ਇਮਾਨਦਾਰ ਅਤੇ ਨਸ਼ਿਆਂ ਦੀ ਸਥਿਤੀ ਤੋਂ ਦੁਖੀ ਸੀਨੀਅਰ ਪੁਲਿਸ ਅਧਿਕਾਰੀ ਦਾ ਅੰਤਾਂ ਦੀ ਉਦਾਸੀ ਵਿੱਚ ਇਹ ਕਹਿਣਾ, **"ਅਸੀਂ ਪੁਲਿਸ ਵਾਲੇ ਜੇ ਚਾਹੀਏ ਤਾਂ ਇਕ ਹਫ਼ਤੇ ਵਿੱਚ ਨਸ਼ਾ ਖ਼ਤਮ ਕਰ ਸਕਦੇ ਹਾਂ, ਪਰ ਸਾਥੋਂ ਆਸ ਨਾ ਰੱਖੋ।"**



ਜਲੰਧਰ ਦੂਰਦਰਸ਼ਨ ਤੋਂ ਬੋਲਦਿਆਂ ਇਕ ਹੋਰ ਸੇਵਾਮੁਕਤ ਸੀਨੀਅਰ ਪੁਲਿਸ ਅਧਿਕਾਰੀ ਦਾ ਇਹ ਪ੍ਰਗਟਾਵਾ, **"ਜਦੋਂ ਮੈਂ ਪੰਜਾਬ ਦੇ ਇਕ ਸਰਹੱਦੀ ਜ਼ਿਲ੍ਹੇ ਦਾ ਐਸ.ਐਸ.ਪੀ. ਲੱਗਿਆ ਹੋਇਆ ਸੀ ਤਾਂ ਮੈਂ ੫੫ ਕਿੱਲੋ ਹੈਰੋਇਨ ਦੀ ਖੇਪ ਫੜੀ ਸੀ। ਸਮਗਲਰਾਂ ਵਿਰੁੱਧ ਤੁਰੰਤ ਮੁਕੱਦਮਾ ਦਰਜ ਕਰਕੇ ਉਨ੍ਹਾਂ ਨੂੰ ਸੀਖਾਂ ਅੰਦਰ ਕਰ ਦਿੱਤਾ ਸੀ। ਸਮਗਲਰਾਂ ਨੂੰ ਛੱਡਣ ਲਈ ਮੇਰੇ 'ਤੇ ਸਿਆਸੀ ਦਬਾਅ ਪਾਇਆ ਗਿਆ ਪਰ ਮੈਂ ਨਹੀਂ ਝੁਕਿਆ। ਅਗਲੇ ਦਿਨ ਹੀ ਮੇਰੀ ਬਦਲੀ ਦੇ ਹੁਕਮ ਜਾਰੀ ਹੋ ਗਏ ਸਨ।"**

ਕੁਝ ਸਮਾਂ ਪਹਿਲਾਂ ਲੁਧਿਆਣਾ ਵਿਖੇ ਇਕ ਕਾਰ ਵਿੱਚੋਂ ਨੌਜਵਾਨ ਦੀ ਲਾਸ਼ ਮਿਲੀ ਸੀ। ਪੋਸਟਮਾਰਟਮ ਰਿਪੋਰਟ ਵਿੱਚ ਪ੍ਰਗਟਾਵਾ ਹੋਇਆ ਕਿ ਨੌਜਵਾਨ ਦੀ ਮੌਤ ਨਸ਼ੇ ਦੀ ਓਵਰਡੋਜ਼ ਕਾਰਨ ਹੋਈ ਹੈ। ਉਸ ਵੇਲੇ ਆਪਣੇ ਇਕਲੌਤੇ ਪੁੱਤ ਦੀ ਮੌਤ 'ਤੇ ਖ਼ੂਨ ਦੇ ਅੱਥਰੂ ਕੇਰਦਿਆਂ ਉਸ ਦੇ ਪਿਤਾ ਨੇ ਰਾਜ ਸੱਤਾ ਭੋਗ ਰਹੇ ਆਗੂਆਂ ਨੂੰ ਮਿਹਣਾ ਮਾਰਿਆ ਸੀ, **"ਮੈਂ ਮੰਨਦਾ ਹਾਂ ਕਿ ਮੇਰਾ ਪੁੱਤ ਨਸ਼ਿਆਂ ਦੀ ਓਵਰਡੋਜ਼ ਕਾਰਨ ਮਰਿਆ ਹੈ ਪਰ ਇਹ ਨਸ਼ਾ ਆਇਆ ਕਿੱਥੋਂ? ਤੁਸੀਂ ਤਾਂ ਕਹਿ ਰਹੇ ਹੋ ਕਿ ਪੰਜਾਬ ਵਿੱਚ ਕੋਈ ਗ਼ੈਰ-ਕਾਨੂੰਨੀ ਨਸ਼ਾ ਨਹੀਂ ਵਿਕ ਰਿਹਾ।"**

ਰਾਜ ਸੱਤਾ ਦੀ ਤਬਦੀਲੀ ਤੋਂ ਕੁਝ ਸਮਾਂ ਪਹਿਲਾਂ ਪੰਜਾਬ ਦੇ ਇਕ ਰੈੱਡ-ਕਰਾਸ ਨਸ਼ਾ ਛੁਡਾਊ ਕੇਂਦਰ ਤੋਂ ਨਸ਼ਾਮੁਕਤ ਹੋਏ ਨੌਜਵਾਨ ਨੇ ਰੇਡੀਓ ਸਟੇਸ਼ਨ ਪਟਿਆਲਾ ਦੇ ਨਿਰਦੇਸ਼ਕ ਨਾਲ ਪ੍ਰਸਾਰਿਤ ਹੋਈ ਇੰਟਰਵਿਊ ਵਿੱਚ ਪ੍ਰਗਟਾਵਾ ਕੀਤਾ ਸੀ ਕਿ ਲੁਧਿਆਣਾ ਵਿੱਚ ਰੋਟੀ ਪਕਾਉਣ ਲਈ ਦੁਕਾਨ ਤੋਂ ਆਟਾ ਦੇਰ ਨਾਲ ਪਹੁੰਚ ਸਕਦਾ ਹੈ ਪਰ ਮੋਬਾਇਲ 'ਤੇ ਆਰਡਰ ਦੇਣ ਨਾਲ ਨਸ਼ੇ ਦੀ ਤੁਰੰਤ ਹੋਮ ਡਿਲਵਰੀ ਹੋ ਜਾਂਦੀ ਹੈ।

ਇਹ ਚਾਰ ਉਦਾਹਰਣਾਂ ਤੋਂ ਇਕ ਗੱਲ ਸਪੱਸ਼ਟ ਹੈ ਕਿ ਨਸ਼ਿਆਂ ਦੇ ਗ਼ੈਰ-ਕਾਨੂੰਨੀ ਧੰਦੇ ਵਿੱਚ ਸ਼ਾਮਲ ਭ੍ਰਿਸ਼ਟ ਲੀਡਰਾਂ, ਸਮੱਗਲਰਾਂ, ਮੁਜਰਮਾਂ ਅਤੇ ਦਾਗ਼ੀ ਅਫ਼ਸਰਾਂ ਨੇ ਪੰਜਾਬ ਦੀ ਜਵਾਨੀ ਦਾ ਘਾਣ ਕਰਨ ਵਿੱਚ ਕੋਈ

ਕਸਰ ਨਹੀਂ ਛੱਡੀ। ੨੦੧੪ ਵਿੱਚ ਲੋਕ ਸਭਾ ਦੀਆਂ ਚੋਣਾਂ ਸਮੇਂ ਪੰਜਾਬ ਦੀ ਇਹ ਗੰਭੀਰ ਸਮੱਸਿਆ ਉੱਭਰ ਕੇ ਸਾਹਮਣੇ ਆਈ ਸੀ। ਉਸ ਵੇਲੇ ਰਾਜ ਸੱਤਾ 'ਤੇ ਕਾਬਜ਼ ਪਾਰਟੀ ਨੂੰ ਅੰਦਾਜ਼ਨ ੧੨.੫% ਵੋਟ ਬੈਂਕ ਦਾ ਖੋਰਾ ਲੱਗਣ ਕਾਰਨ ਉਨ੍ਹਾਂ ਨੂੰ ਇਸ ਗੰਭੀਰ ਸਮੱਸਿਆ ਨੇ ਝੰਜੋੜਿਆ ਸੀ। ਪ੍ਰਧਾਨ ਮੰਤਰੀ ਨੇ 'ਮਨ ਕੀ ਬਾਤ' ਰੇਡੀਓ ਵਾਰਤਾ ਰਾਹੀਂ ਪੰਜਾਬ ਵਿੱਚ ਨਸ਼ਿਆਂ ਪ੍ਰਤੀ ਚਿੰਤਾ ਪ੍ਰਗਟਾਈ ਸੀ। ਉਸ ਵੇਲੇ ਦੀ ਪੰਜਾਬ ਸਰਕਾਰ ਨੇ ਸਰਹੱਦ ਰਾਹੀਂ ਨਸ਼ਿਆਂ ਦੇ ਦਾਖ਼ਲ ਹੋਣ ਦਾ ਦੋਸ਼ ਲਾ ਕੇ ਗੇਂਦ ਕੇਂਦਰ ਸਰਕਾਰ ਦੇ ਪਾਲੇ ਵਿੱਚ ਸੁੱਟਣ ਤੇ ਆਪਣੀ ਜ਼ਿੰਮੇਵਾਰੀ ਤੋਂ ਬਚਣ ਦੀ ਕੋਸ਼ਿਸ਼ ਕੀਤੀ ਸੀ, ਜਿਸ ਦੀ ਬੁੱਧੀਜੀਵੀ ਵਰਗ ਨੇ ਭਰਵੀਂ ਆਲੋਚਨਾ ਕੀਤੀ ਸੀ।

ਲੋਕਾਂ ਦਾ ਭਾਰੀ ਦਬਾਅ ਪੈਣ ਅਤੇ ਵੋਟ ਬੈਂਕ ਦੇ ਖੋਰੇ ਨੂੰ ਰੋਕਣ ਲਈ ਉਸ ਵੇਲੇ ਪੰਜਾਬ ਸਰਕਾਰ ਨੇ 'ਨਸ਼ਾ ਵਿਰੋਧੀ' ਮੁਹਿੰਮ ਸ਼ੁਰੂ ਕਰਕੇ ਇਕ ਪਾਸੇ ਰਾਜ ਦੇ ਸਰਕਾਰੀ ਹਸਪਤਾਲਾਂ ਵਿੱਚ ਦਵਾਈਆਂ ਦਾ ਡਮਰੂ ਵਜਾਇਆ। (ਉਨ੍ਹਾਂ ਦਵਾਈਆਂ ਵਿੱਚ ਨਸ਼ੇ ਦੀ ਕਾਫ਼ੀ ਮਾਤਰਾ ਸ਼ਾਮਲ ਸੀ) ਅਤੇ ਦੂਜੇ ਪਾਸੇ ਨਸ਼ੱਈਆਂ ਨੂੰ ਧੜਾਧੜ ਫੜ ਕੇ ਜੇਲ੍ਹਾਂ ਅੰਦਰ ਸੁੱਟਿਆ ਗਿਆ। ਪਰ ਨਸ਼ੇ ਦੇ ਵੱਡੇ ਮਗਰਮੱਛਾਂ ਨੂੰ ਹੱਥ ਨਹੀਂ ਪਾਇਆ। ਨਸ਼ੱਈਆਂ ਦੀ ਧੜਾਧੜ ਫੜੋਫੜੀ ਕਰਕੇ ਜੇਲ੍ਹਾਂ ਵਿੱਚ ਸੁੱਟਣ 'ਤੇ ਇਕ ਵਿਦਵਾਨ ਸੱਜਣ ਨੇ ਹਾਅ ਦਾ ਨਾਅਰਾ ਮਾਰਦਿਆਂ ਲਿਖਿਆ ਸੀ, 'ਨਸ਼ੱਈ ਜ਼ਿੰਦਗੀ ਦੇ ਖਲਨਾਇਕ ਨਹੀਂ, ਪੀੜਿਤ ਹਨ। ਇਨ੍ਹਾਂ ਨਾਲ ਪੀੜਿਤਾਂ ਵਾਲਾ ਵਰਤਾਉ ਕਰਕੇ ਸਮੱਸਿਆ ਦਾ ਹੱਲ ਲੱਭਿਆ ਜਾਵੇ। ਸਮੱਸਿਆ ਦਾ ਹੱਲ ਚੋਰ ਨਹੀਂ, ਚੋਰ ਦੀ ਮਾਂ ਹੈ। ਉਸ ਨੂੰ ਫੜ ਕੇ ਕਰੜੀ ਸਜ਼ਾ ਦਿੱਤੀ ਜਾਵੇ।"

ਕੈਪਟਨ ਸਰਕਾਰ ਨੇ ਰਾਜਸੱਤਾ 'ਤੇ ਕਾਬਜ਼ ਹੋਣ ਤੋਂ ਪਹਿਲਾਂ ਹੀ ਪੰਜਾਬ ਵਿੱਚੋਂ ਇੱਕ ਮਹੀਨੇ ਦੇ ਅੰਦਰ-ਅੰਦਰ ਨਸ਼ਿਆਂ ਦੇ ਖ਼ਾਤਮੇ ਲਈ ਦ੍ਰਿੜ੍ਹ ਇੱਛਾ ਸ਼ਕਤੀ ਦਾ ਪ੍ਰਗਟਾਵਾ ਕੀਤਾ ਸੀ। ਉਨ੍ਹਾਂ ਵੱਲੋਂ ਇਸ ਸੰਬੰਧ ਵਿੱਚ ਸਪੈਸ਼ਲ ਟਾਸਕ ਫੋਰਸ ਸਥਾਪਤ ਕਰਨਾ, ਸ਼ਰਾਬ ਦੇ ਠੇਕਿਆਂ ਦੀ ਗਿਣਤੀ ਵਿੱਚ ਕਟੌਤੀ ਕਰਨਾ ਅਤੇ 5 ਸਾਲਾਂ ਵਿੱਚ ਸ਼ਰਾਬ ਦੇ 50% ਠੇਕੇ ਖ਼ਤਮ



ਕਰਨਾ ਉਸਾਰੂ ਅਤੇ ਸਵਾਗਤਯੋਗ ਫ਼ੈਸਲੇ ਹਨ। ਨਸ਼ਿਆਂ ਦੇ ਖ਼ਾਤਮੇ ਲਈ ਸਰਕਾਰ ਦੀ ਦ੍ਰਿੜ੍ਹ ਇੱਛਾ ਸ਼ਕਤੀ, ਲੋਕਾਂ ਦਾ ਭਰਵਾਂ ਸਹਿਯੋਗ, ਸਰਕਾਰੀ ਤੰਤਰ ਦੀ ਸੁਹਿਰਦਤਾ ਅਤੇ ਇਮਾਨਦਾਰੀ ਅਤਿਅੰਤ ਜ਼ਰੂਰੀ ਹੈ। ਵੱਖ-ਵੱਖ ਸਰਵੇਖਣਾਂ ਰਾਹੀਂ ਇਹ ਗੱਲ ਸਾਹਮਣੇ ਆਈ ਹੈ ਕਿ ਪਾਕਿਸਤਾਨ ਨਾਲ ਲੱਗਦੀ ੫੫੩ ਕਿਲੋਮੀਟਰ ਲੰਬੀ ਸਰਹੱਦ ਰਾਹੀਂ ਜਿਹੜੀ ਹੈਰੋਇਨ ਪੰਜਾਬ ਵਿੱਚ ਦਾਖ਼ਲ ਹੁੰਦੀ ਹੈ, ਉਸ ਦੀ ਅੰਦਾਜ਼ਨ ੭% ਖਪਤ ਹੀ ਪੰਜਾਬ ਵਿੱਚ ਹੁੰਦੀ ਹੈ। ਦਰਅਸਲ, ਪੰਜਾਬ ਨੂੰ ਤਸਕਰ ਹੈਰੋਇਨ/ਸਮੈਕ ਦੀ ਸਪਲਾਈ ਲਈ ਅੰਤਰ-ਰਾਸ਼ਟਰੀ ਪੜਾਅ ਵਜੋਂ ਵਰਤ ਰਹੇ ਹਨ। ਪਾਕਿਸਤਾਨ ਤੋਂ ਤਸਕਰ ਅੰਦਾਜ਼ਨ ਇੱਕ ਲੱਖ ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਹੈਰੋਇਨ ਖ਼ਰੀਦਦੇ ਹਨ ਜਿਸ ਨੂੰ ਪੰਜਾਬ ਵਿੱਚ ਅੰਦਾਜ਼ਨ ਪੰਜ ਲੱਖ ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਵੇਚਿਆ ਜਾਂਦਾ ਹੈ। ਦਿੱਲੀ ਪਹੁੰਚ ਕੇ ਇਹ ਹੈਰੋਇਨ ਦਾ ਮੁੱਲ ੮-੧੦ ਲੱਖ ਰੁਪਏ ਹੋ ਜਾਂਦਾ ਹੈ। ਮੁੰਬਈ ੧੫ ਤੋਂ ੧੬ ਲੱਖ ਰੁਪਏ ਅਤੇ ਅੰਤਰ-ਰਾਸ਼ਟਰੀ ਪੱਧਰ 'ਤੇ ਇਹ ਹੈਰੋਇਨ ਇਕ ਕਰੋੜ ਰੁਪਏ ਤੋਂ ਪੰਜ ਕਰੋੜ ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਵੇਚੀ ਜਾਂਦੀ ਹੈ।

ਚਿੰਤਨ ਕਰਨ ਵਾਲੀ ਗੱਲ ਹੈ ਕਿ ਤਸਕਰ ਬੀ.ਐਸ.ਐਫ. ਅਤੇ ਹੋਰ ਸੁਰੱਖਿਆ ਏਜੰਸੀਆਂ ਨੂੰ ਧੋਖਾ ਦੇ ਕੇ ਜਾਂ ਕੁਝ ਸੁਰੱਖਿਆ ਕਰਮਚਾਰੀਆਂ ਦੀ ਮਿਲੀਭੁਗਤ ਨਾਲ ਆਪਣਾ ਮਾਲ ਪੰਜਾਬ ਅੰਦਰ ਲੈ ਆਉਂਦੇ ਹਨ, ਤਾਂ ਫਿਰ ਦੱਸੋ, ਅਗਾਂਹ ਪੰਜਾਬ ਦਾ ਸੂਹੀਆ ਤੰਤਰ ਅਤੇ ਪੁਲਿਸ ਵਿਭਾਗ ਇਸ ਨੂੰ ਪੰਜਾਬ ਅੰਦਰ ਦਾਖ਼ਲ ਹੋਣ ਤੋਂ ਰੋਕਣ ਲਈ ਕਿੰਨਾ ਕੁ ਯਤਨਸ਼ੀਲ ਹੈ? ਨਸ਼ਈ ਜਿਹੜੀ ਹੈਰੋਇਨ ਦੀ ਵਰਤੋਂ ਕਰਦੇ ਹਨ ਉਹ ਭਾਰਤ ਦੇ ਕੁਝ ਪ੍ਰਾਂਤਾਂ ਦੇ ਨਾਲ-ਨਾਲ ਪੰਜਾਬ ਵਿੱਚ ਹੀ ਤਿਆਰ ਕੀਤੀ ਜਾਂਦੀ ਹੈ। ਉਸ ਦਾ ਰੇਟ ਘੱਟ ਹੋਣ ਦੇ ਨਾਲ-ਨਾਲ ਮਿਆਰ ਵੀ ਅਫ਼ਗਾਨਿਸਤਾਨੀ ਹੈਰੋਇਨ ਨਾਲੋਂ ਕਾਫ਼ੀ ਘੱਟ ਹੁੰਦਾ ਹੈ। ਭਲਾ ਜਿਹੜੀ ਹੈਰੋਇਨ ਭਾਰਤ ਦੇ ਕੁਝ ਪ੍ਰਾਂਤਾਂ ਦੇ ਨਾਲ-ਨਾਲ ਪੰਜਾਬ ਵਿੱਚ ਤਿਆਰ ਹੋ ਕੇ ਪੰਜਾਬ ਦੀ ਜਵਾਨੀ ਦਾ ਘਾਣ ਕਰਦੀ ਹੈ, ਉਸ ਲਈ ਬਾਹਰੀ

ਤਾਕਤਾਂ ਜ਼ਿੰਮੇਵਾਰ ਕਿਵੇਂ ਹੋਈਆਂ? ਬਣਾਵਟੀ ਹੈਰੋਇਨ ਤਿਆਰ ਕਰਨ ਲਈ ਕੈਮੀਕਲ ਸਿਊਡੋਫੈਡਰੀਨ ਨੂੰ ਨਸ਼ਿਆਂ ਦੇ ਵਪਾਰੀਆਂ ਕੋਲ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦੀਆਂ ਕੰਪਨੀਆਂ ਮਹਿੰਗੇ ਭਾਅ 'ਤੇ ਵੇਚਦੀਆਂ ਹਨ। ਅਜਿਹੀਆਂ ਕੰਪਨੀਆਂ ਨੂੰ ਸੀਲ ਕਰਕੇ ਸਪਲਾਈ ਲਾਈਨ ਕੱਟਣੀ ਅਤਿਅੰਤ ਜ਼ਰੂਰੀ ਹੈ। ਰਾਜਸਥਾਨ ਅਤੇ ਮੱਧ ਪ੍ਰਦੇਸ਼ ਤੋਂ ਭੁੱਕੀ, ਅਫ਼ੀਮ ਅਤੇ ਸਿੰਥੈਟਿਕ ਡਰਗਜ਼ ਪੰਜਾਬ ਵਿੱਚ ਲੈ ਕੇ ਆਉਣ ਲਈ ਫਾਜ਼ਿਲਕਾ ਰਾਹੀਂ 25 ਲਾਂਘੇ ਹਨ। ਇਨ੍ਹਾਂ ੨੫ ਲਾਂਘਿਆਂ 'ਤੇ ਸੁਰੱਖਿਆ ਏਜੰਸੀਆਂ ਦੀ ਬਾਜ਼ ਅੱਖ ਰੱਖਣ ਨਾਲ ਭੁੱਕੀ, ਅਫ਼ੀਮ ਅਤੇ ਸਿੰਥੈਟਿਕ ਡਰਗਜ਼ ਦੇ ਨਸ਼ੇ ਦੀ ਸਪਲਾਈ ਲਾਈਨ ਦਾ ਲੱਕ ਤੋੜਿਆ ਜਾ ਸਕਦਾ ਹੈ।

ਕੋਈ ਵੀ ਲੋਕ ਲਹਿਰ ਉਦੋਂ ਤਕ ਸਫਲ ਨਹੀਂ ਹੁੰਦੀ ਜਦੋਂ ਤਕ ਲੋਕਾਂ ਦਾ ਭਰਵਾਂ ਸਹਿਯੋਗ ਲਹਿਰ ਦਾ ਹਿੱਸਾ ਨਾ ਬਣੇ। ਹੁਣ ਸੌਣ ਦਾ ਵੇਲਾ ਨਹੀਂ, ਜਾਗਣ ਦਾ ਹੈ। ਕਈ ਪਿੰਡਾਂ ਵਿੱਚ ਲੋਕਾਂ ਵੱਲੋਂ ਠੀਕਰੀ ਪਹਿਰੇ ਦੇ ਕੇ ਰਾਤ ਨੂੰ ਨਸ਼ਾ ਸਪਲਾਈ ਕਰਨ ਵਾਲਿਆਂ ਨੂੰ 'ਸੋਧਣ' ਦੇ ਕਿੱਸੇ ਸੁਣਨ ਵਿੱਚ ਆਉਣਾ ਇਕ ਚੰਗਾ ਸ਼ਗਨ ਹੈ ਅਤੇ ਤਸਕਰਾਂ ਲਈ ਵੰਗਾਰ ਵੀ ਹੈ। ਇੱਥੇ ਵਰਣਨਯੋਗ ਹੈ ਕਿ ਨਾ ਤਾਂ ਤਸਕਰਾਂ ਦੇ ਪੈਰ ਹੀ ਇੰਨੇ ਮਜ਼ਬੂਤ ਹੁੰਦੇ ਹਨ ਕਿ ਉਨ੍ਹਾਂ ਨੂੰ ਖਦੇੜਿਆ ਨਾ ਜਾ ਸਕੇ ਅਤੇ ਨਾ ਹੀ ਨਸ਼ੇ ਦੀਆਂ ਸ਼ੀਸ਼ੀਆਂ ਇੰਨੀਆਂ ਪੱਕੀਆਂ ਹੁੰਦੀਆਂ ਹਨ ਕਿ ਉਨ੍ਹਾਂ ਨੂੰ ਤੋੜਿਆ ਨਾ ਜਾ ਸਕੇ। ਸੰਗਰੂਰ ਦਾ ਰੈੱਡ-ਕਰਾਸ ਨਸ਼ਾ ਛੁਡਾਊ ਕੇਂਦਰ, ਸਾਇੰਟੀਫਿਕ ਅਵੇਅਰਨੈੱਸ ਐਂਡ ਸੋਸ਼ਲ ਵੈਲਫ਼ੇਅਰ ਸੰਸਥਾ, ਬਿਰਧ ਆਸ਼ਰਮ ਬਡਰੁੱਖਾਂ ਅਤੇ ਸਮਾਜ-ਭਲਾਈ ਮੰਚ ਸ਼ੇਰਪੁਰ ਨੇ ਸਾਂਝੇ ਰੂਪ ਵਿੱਚ ਵਿਦਿਆਰਥੀ ਵਰਗ ਨੂੰ ਨਸ਼ਿਆਂ ਜਿਹੀ ਨਾਮੁਰਾਦ ਬਿਮਾਰੀ ਤੋਂ ਦੂਰ ਰੱਖਣ ਲਈ ਜਾਗਰੂਕਤਾ ਮੁਹਿੰਮ ਜਾਰੀ ਰੱਖਣ ਦੇ ਨਾਲ-ਨਾਲ ਪੰਚਾਇਤਾਂ ਨੂੰ ਪ੍ਰੇਰਣਾ ਦੇ ਕੇ ਪਿੰਡਾਂ ਵਿੱਚ ਸ਼ਰਾਬ ਦੇ ਠੇਕੇ ਨਾ ਖੋਲ੍ਹਣ ਲਈ ਸਾਲ 2009 ਤੋਂ ਮੁਹਿੰਮ ਆਰੰਭ ਕੀਤੀ ਹੋਈ ਹੈ ਅਤੇ ਇਸ ਦੇ ਸਾਰਥਿਕ ਨਤੀਜੇ ਵੀ ਸਾਹਮਣੇ ਆ ਰਹੇ ਹਨ। ਅਜਿਹੀਆਂ ਹੋਰ ਵੀ ਕਈ ਸੰਸਥਾਵਾਂ ਇਸ ਖੇਤਰ ਵਿੱਚ ਸ਼ਲਾਘਾਯੋਗ ਕੰਮ ਕਰ ਰਹੀਆਂ



ਹਨ। ਅਜਿਹੀਆਂ ਸੰਸਥਾਵਾਂ ਨੂੰ ਸਰਕਾਰ ਵੱਲੋਂ ਹੱਲਾਸ਼ੇਰੀ ਦੇਣ ਦੇ ਨਾਲ-ਨਾਲ ਉਨ੍ਹਾਂ ਦੀ ਪਿੱਠ ਥਾਪੜਨੀ ਅਤਿਅੰਤ ਜ਼ਰੂਰੀ ਹੈ।

ਮਾਪਿਆਂ ਨੂੰ ਵੀ ਚਾਹੀਦਾ ਹੈ ਕਿ ਉਹ ਬੱਚਿਆਂ ਦੇ ਖ਼ਰਚਿਆਂ ਉੱਪਰ ਨਜ਼ਰ ਰੱਖਣ। ਵਿੱਦਿਅਕ ਸੰਸਥਾਵਾਂ ਵਿੱਚ ਕਿਤਾਬੀ ਪੜ੍ਹਾਈ ਦੇ ਨਾਲ-ਨਾਲ ਜ਼ਿੰਦਗੀ ਦੀ ਪੜ੍ਹਾਈ ਦਾ ਪਾਠ ਪੜ੍ਹਾਉਣਾ ਅਤਿਅੰਤ ਜ਼ਰੂਰੀ ਹੈ। ਨਸ਼ਿਆਂ ਦੇ ਮਾਰੂ-ਪ੍ਰਭਾਵ ਦਾ ਵਿਸ਼ਾ ਵਿਦਿਆਰਥੀਆਂ ਦੇ ਪਾਠ-ਕ੍ਰਮ ਦਾ ਹਿੱਸਾ ਹੋਣਾ ਚਾਹੀਦਾ ਹੈ। ਸਰਕਾਰ ਦੀ ਦ੍ਰਿੜ੍ਹ ਇੱਛਾ ਸ਼ਕਤੀ, ਅਧਿਕਾਰੀਆਂ ਦੀ ਸਮਰਪਤ ਭਾਵਨਾ, ਅਧਿਆਪਕ, ਰੰਗਕਰਮੀਆਂ, ਲੇਖਕਾਂ, ਪੱਤਰਕਾਰਾਂ, ਬੁੱਧੀਜੀਵੀਆਂ ਅਤੇ ਚਿੰਤਕਾਂ ਦੇ ਭਰਵੇਂ ਸਹਿਯੋਗ ਨਾਲ ਹੀ ਨਸ਼ਿਆਂ ਦੇ ਦੈਂਤ ਨੂੰ ਢਹਿਢੇਰੀ ਕੀਤਾ ਜਾ ਸਕਦਾ ਹੈ। ਜੇ ਅਜਿਹਾ ਸੰਭਵ ਨਾ ਹੋਇਆ ਤਾਂ ਅਸੀਂ ਬੁਜ਼ਦਿਲਾਂ ਦੀ ਕਤਾਰ ਵਿੱਚ ਸ਼ਾਮਲ ਹੋਵਾਂਗੇ।

ਪ੍ਰੋਜੈਕਟ ਡਾਇਰੈਕਟਰ,
ਨਸ਼ਾ ਛੁਡਾਊ ਕੇਂਦਰ, ਸੰਗਰੂਰ
ਸੰਪਰਕ: 94171-48866

(ਪੰ: ਟ੍ਰਿ: 03-05-2017 'ਚੋਂ ਧੰਨਵਾਦ ਸਹਿਤ!)

-o-

# ਤਬਾਹ ਹੋ ਰਹੀ ਪੰਜਾਬ ਦੀ ਜਵਾਨੀ

**ਸੁਰਿੰਦਰ ਕੌਰ ਜੱਸੀ**

ਗੁਰੂਆਂ ਦੀ ਪਵਿੱਤਰ ਧਰਤੀ ਪੰਜਾਬ, ਜੋ ਕਦੀ ਦੁੱਧ ਅਤੇ ਸ਼ਹਿਦ ਦੀਆਂ ਨਦੀਆਂ ਕਰਕੇ ਜਾਣੀ ਜਾਂਦੀ ਸੀ, ਅੱਜ ਨਸ਼ੇ ਦੀਆਂ ਨਦੀਆਂ ਵਿੱਚ ਡੁੱਬੀ ਨਜ਼ਰ ਆਉਂਦੀ ਹੈ। ਪੰਜ ਦਰਿਆਵਾਂ ਦੀ ਧਰਤੀ ਪੰਜਾਬ ਵਿੱਚ ਸ਼ਰਾਬ ਦਾ ਛੇਵਾਂ ਦਰਿਆ ਵਹਿ ਰਿਹਾ ਹੈ। ਸਰਵੇਖਣਾਂ ਤੋਂ ਪਤਾ ਚੱਲਦਾ ਹੈ ਕਿ ਪੰਜਾਬ ਵਿੱਚ ਨਸ਼ਿਆਂ ਦੀ ਵਰਤੋਂ ਦੁਨੀਆਂ ਭਰ ਵਿੱਚ ਸਭ ਤੋਂ ਜ਼ਿਆਦਾ ਹੁੰਦੀ ਹੈ। ਨਸ਼ਿਆਂ ਦੀ ਦਲਦਲ ਵਿੱਚ ਧੱਸ ਚੁੱਕੇ ਪੰਜਾਬੀ ਲੋਕ ਸਾਲ ਭਰ ਵਿੱਚ ਤਿੰਨ ਸੌ ਕਰੋੜ ਰੁਪਏ ਦੀ ਸ਼ਰਾਬ ਅਤੇ ਦਸ ਹਜ਼ਾਰ ਕਰੋੜ ਰੁਪਏ ਤੋਂ ਜ਼ਿਆਦਾ ਦੇ ਹੋਰ ਨਸ਼ੇ ਕਰਦੇ ਹਨ। ਸਰਕਾਰੀ ਅੰਕੜਿਆਂ ਅਨੁਸਾਰ ਪੰਜਾਬ ਵਿੱਚ ਪ੍ਰਤੀ ਦਿਨ ੮ ਕਰੋੜ ਰੁਪਏ ਦੀ ਅੰਗਰੇਜ਼ੀ ਤੇ ਦੇਸੀ ਸ਼ਰਾਬ ਅਤੇ ਬੀਅਰ ਪੀਤੀ ਜਾਂਦੀ ਹੈ ਜਿਸ ਵਿੱਚ ਪ੍ਰਤੀ ਦਿਨ ੭ ਲੱਖ ਬੋਤਲਾਂ ਦੀ ਵਿਕਰੀ ਸਿਰਫ਼ ਪੰਜਾਬ ਵਿੱਚ ਹੀ ਹੁੰਦੀ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸਰਵੇ ਅਨੁਸਾਰ ੧੬ ਤੋਂ ੩੫ ਸਾਲ ਦੇ ੭੫ ਫ਼ੀਸਦੀ ਨੌਜਵਾਨ ਨਸ਼ੇ ਕਰਦੇ ਹਨ, ਜਿਨ੍ਹਾਂ ਵਿੱਚ ਔਰਤਾਂ ਅਤੇ ਲੜਕੀਆਂ ਵੀ ਸ਼ਾਮਲ ਹਨ। ਵਧ ਰਹੀਆਂ ਦੁਰਘਟਨਾਵਾਂ ਵਿੱਚ ੫੦ ਫ਼ੀਸਦੀ ਤੋਂ ੬੦ ਫ਼ੀਸਦੀ ਨਸ਼ਿਆਂ ਦਾ ਯੋਗਦਾਨ ਹੈ। ਸ਼ਰਾਬ ਦੇ ਠੇਕਿਆਂ ਦੀ ਗਿਣਤੀ ਪੰਜਾਬ ਵਿੱਚ ਦਿਨ ਪ੍ਰਤੀ ਦਿਨ ਵਧਦੀ ਜਾ ਰਹੀ ਹੈ, ਹੁਣ ਇਹ ਗਿਣਤੀ ਹਜ਼ਾਰਾਂ ਦੇ ਹਿਸਾਬ ਨਾਲ ਹੋ ਗਈ ਹੈ।

ਹਿੰਦੁਸਤਾਨ ਦੀ ਖੜਗ ਭੁਜਾ ਵਜੋਂ ਜਾਣੇ ਜਾਂਦੇ ਪੰਜਾਬ ਦੇ ਨੌਜਵਾਨਾਂ ਦੇ ਜੋਸ਼ ਦੀਆਂ ਲੋਕ ਗੀਤਾਂ ਵਿੱਚ ਸਿਫ਼ਤਾਂ ਹੋਇਆ ਕਰਦੀਆਂ ਸਨ ਤੇ ਉਨ੍ਹਾਂ ਦੇ ਦਰਸ਼ਨੀ ਸਰੀਰ ਪੰਜਾਬ ਦਾ ਮਾਣ ਹੋਇਆ ਕਰਦੇ ਸਨ। ਅੱਜ ਉਸੇ ਪੰਜਾਬ ਨੂੰ ਕਿਸੇ ਚੰਦਰੇ ਦੀ ਨਜ਼ਰ ਲੱਗ ਗਈ ਹੈ। ਨੌਜਵਾਨ ਕੰਨਾਂ



ਵਿੱਚ ਮੁੰਦਰਾਂ ਪਾਈ, ਸਿਰ ਤੇ ਦਾੜ੍ਹੀ ਦੇ ਵਾਲਾਂ ਦੇ ਤਰ੍ਹਾਂ-ਤਰ੍ਹਾਂ ਦੇ ਵਿਦੇਸ਼ੀ ਕੱਟ ਕਰਵਾ ਕੇ ਆਪਣਾ ਹੁਲੀਆ ਬਦਲੀ ਫਿਰਦੇ ਹਨ। ਪੰਜਾਬ ਦੀ ਜਵਾਨੀ ਨਸ਼ਿਆਂ ਵਿੱਚ ਗੜੁੱਚ ਹੋ ਕੇ ਸਰਪੱਟ ਤਬਾਹੀ ਵੱਲ ਦੌੜੀ ਜਾ ਰਹੀ ਹੈ। ਅੱਜ ਨੌਜਵਾਨ ਪੀੜ੍ਹੀ ਆਪਣੇ ਮਕਸਦ ਤੋਂ ਭਟਕ ਕੇ ਨਸ਼ਿਆਂ ਵਿੱਚ ਵਹਿ ਤੁਰੀ ਹੈ। ਹਾਲਾਂਕਿ ਨਸ਼ਿਆਂ ਨੇ ਸਭ ਵਰਗਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਹੈ, ਪਰ ਨੌਜਵਾਨਾਂ 'ਤੇ ਇਸ ਨੇ ਸਭ ਤੋਂ ਵੱਧ ਪ੍ਰਭਾਵ ਪਾਇਆ ਹੈ। ਸਭ ਤੋਂ ਜ਼ਿਆਦਾ ਵਿਦਿਆਰਥੀਆਂ ਨੂੰ ਨਸ਼ਿਆਂ ਦੀ ਮਾਰ ਪੈ ਰਹੀ ਹੈ। ਇਹ ਨਸ਼ਿਆਂ ਦੇ ਨੁਕਸਾਨ ਬਾਰੇ ਜਾਣਦੇ ਹੋਏ ਵੀ ਇਸ ਦੀ ਲਗਾਤਾਰ ਵਰਤੋਂ ਕਰਦੇ ਹਨ। ਸ਼ਰਾਬ, ਤੰਬਾਕੂ, ਸਿਗਰਟਨੋਸ਼ੀ, ਅਫ਼ੀਮ, ਭੁੱਕੀ, ਸੁਲਫਾ, ਕੈਪਸੂਲ, ਗੋਲੀਆਂ, ਟੀਕੇ, ਸਮੈਕ ਅਤੇ ਚਰਸ ਵਰਗੇ ਨਸ਼ਿਆਂ ਦੀ ਵਰਤੋਂ ਆਮ ਕੀਤੀ ਜਾ ਰਹੀ ਹੈ।

ਨਸ਼ੇ ਇਕ ਵਿਅਕਤੀ ਨੂੰ ਇਨਸਾਨ ਤੋਂ ਹੈਵਾਨ ਬਣਾ ਦਿੰਦੇ ਹਨ। ਨਸ਼ੇ ਕਰਨ ਵਾਲੇ ਕਈ ਅਪਰਾਧੀ ਵੀ ਬਣ ਜਾਂਦੇ ਹਨ। ਨਸ਼ੇ ਵਿੱਚ ਨਸ਼ੇੜੀ ਕਈ ਵਾਰੀ ਅਜਿਹੀਆਂ ਕੋਝੀਆਂ ਹਰਕਤਾਂ ਕਰ ਬੈਠਦਾ ਹੈ, ਜਿਨ੍ਹਾਂ ਦਾ ਨਤੀਜਾ ਸਾਰੀ ਉਮਰ ਭੁਗਤਣਾ ਪੈਂਦਾ ਹੈ। ਇਹ ਨਸ਼ੇ ਕੁਦਰਤ ਵੱਲੋਂ ਦਿੱਤੇ ਸੁੰਦਰ ਸਰੀਰ ਨੂੰ ਬਿਲਕੁਲ ਖੋਖਲਾ ਕਰ ਦਿੰਦੇ ਹਨ ਤੇ ਸਰੀਰ ਨੂੰ ਕਈ ਤਰ੍ਹਾਂ ਦੀਆਂ ਬਿਮਾਰੀਆਂ ਆ ਚਿੰਬੜਦੀਆਂ ਹਨ। ਨਸ਼ੇੜੀ ਵਿਅਕਤੀ ਨਾ ਚੈਨ ਨਾਲ ਜੀਅ ਸਕਦਾ ਹੈ ਤੇ ਨਾ ਹੀ ਚੈਨ ਨਾਲ ਮਰ ਸਕਦਾ ਹੈ।

ਅੱਜਕੱਲ੍ਹ ਘਰ ਆਏ ਮਹਿਮਾਨ ਨੂੰ ਠੰਡੇ ਜਾਂ ਚਾਹ ਦੀ ਥਾਂ ਪਹਿਲਾਂ ਸ਼ਰਾਬ ਪਰੋਸੀ ਜਾਂਦੀ ਹੈ। ਵਿਆਹ-ਸ਼ਾਦੀਆਂ ਦੀਆਂ ਪਾਰਟੀਆਂ ਹੋਣ ਜਾਂ ਖ਼ੁਸ਼ੀ ਦਾ ਕੋਈ ਵੀ ਮੌਕਾ ਹੋਵੇ ਸ਼ਰਾਬ ਦੀ ਪ੍ਰਧਾਨਗੀ ਹੁੰਦੀ ਹੈ। ਸ਼ਰਾਬ ਪਿਲਾਉਣ ਵਾਲਿਆਂ ਨੂੰ ਸਨਮਾਨ ਦੀ ਨਜ਼ਰ ਨਾਲ ਦੇਖਿਆ ਜਾਂਦਾ ਹੈ। ਸਮਾਜ ਦਾ ਵਤੀਰਾ, ਇਸ ਤਰ੍ਹਾਂ ਦਾ ਹੁੰਦਾ ਜਾਂਦਾ ਹੈ, ਜਿੱਥੇ ਨਸ਼ੇ ਨੂੰ ਬੁਰਾਈ ਨਹੀਂ ਸਮਝਿਆ ਜਾਂਦਾ। ਅੱਲ੍ਹੜ ਮੁੰਡੇ, ਕੁੜੀਆਂ ਪੱਛਮੀ ਸੱਭਿਆਚਾਰ ਤੇ ਸੱਭਿਅਤਾ ਦੇ ਪ੍ਰਭਾਵ ਅਧੀਨ ਆਧੁਨਿਕਤਾ ਦੇ ਚੱਕਰ ਵਿੱਚ ਨਸ਼ੇ ਕਰਦੇ

ਹਨ, ਉਹ ਇਹ ਨਹੀਂ ਸਮਝਦੇ ਕਿ ਆਧੁਨਿਕਤਾ ਵਿਚਾਰਾਂ ਵਿੱਚ ਹੋਣੀ ਚਾਹੀਦੀ ਹੈ ਨਾ ਕਿ ਦਿਖਾਵੇ ਅਤੇ ਨਸ਼ੇ ਕਰਨ ਵਿੱਚ। ਅੱਜ ਤੋਂ ੩੦-੪੦ ਸਾਲ ਪਹਿਲਾਂ ਕੋਈ ਟਾਵਾਂ-ਟੱਲਾ ਆਦਮੀ ਹੀ ਅਫ਼ੀਮ, ਭੁੱਕੀ ਜਾਂ ਸ਼ਰਾਬ ਦਾ ਨਸ਼ਾ ਕਰਦਾ ਸੀ। ਨਸ਼ੇ ਕਰਨ ਵਾਲੇ ਵੀ ਵਿਹਲੇ ਨਹੀਂ ਸਨ ਘੁੰਮਦੇ, ਸਗੋਂ ਸਾਰਾ ਦਿਨ ਖੇਤਾਂ ਵਿੱਚ ਹੱਡ-ਭੰਨਵੀਂ ਕਮਾਈ ਕਰਦੇ ਸਨ। ਕਿਸੇ ਨਾਲ ਦੁਸ਼ਮਣੀ ਕਮਾਉਣੀ ਹੁੰਦੀ ਤਾਂ ਉਹ ਆਪਣੇ ਵਿਰੋਧੀ ਦੇ ਪੁੱਤਰ ਨੂੰ ਆਪਣੇ ਖ਼ਰਚੇ 'ਤੇ ਅਫ਼ੀਮ ਜਾਂ ਸ਼ਰਾਬ ਪਿਆ ਕੇ ਨਸ਼ੱਈ ਬਣਾ ਦਿੰਦੇ ਸਨ ਜਾਂ ਕਿਸੇ ਦੀ ਧੀ ਦਾ ਸਾਕ ਨਸ਼ਈਆਂ ਦੇ ਘਰ ਕਰਵਾ ਦਿੰਦਾ ਸੀ। ਇੰਞ ਉਹ ਆਪਣੇ ਵਿਰੋਧੀ ਦੇ ਘਰ ਨਸ਼ੇ ਦਾ ਬੂਟਾ ਲਾ ਕੇ ਖੁਸ਼ ਹੁੰਦਾ ਤੇ ਉਸ ਨੂੰ ਤਬਾਹੀ ਦੇ ਰਸਤੇ ਵੱਲ ਤੋਰ ਦਿੰਦਾ ਸੀ।

ਅੱਜ ਦੀ ਨੌਜਵਾਨ ਪੀੜ੍ਹੀ ਦੇ ਅੰਦਰੋਂ ਹੱਥੀਂ ਕੰਮ ਕਰਨ ਦਾ ਸੱਭਿਆਚਾਰ ਦਿਨ-ਪ੍ਰਤੀ-ਦਿਨ ਖ਼ਤਮ ਹੁੰਦਾ ਜਾ ਰਿਹਾ ਹੈ। ਇੱਥੋਂ ਤਕ ਕਿ ਘਰ ਦੇ ਛੋਟੇ-ਛੋਟੇ ਕੰਮਾਂ ਲਈ ਵੀ ਨੌਕਰਾਂ 'ਤੇ ਨਿਰਭਰ ਰਹਿਣ ਲੱਗ ਪਏ ਹਾਂ, ਜੋ ਕਿ ਬਹੁਤ ਮੰਦਭਾਗੀ ਗੱਲ ਹੈ। ਖੇਤਾਂ ਵਿੱਚ ਸਾਰਾ ਕੰਮ ਪਰਵਾਸੀ ਮਜ਼ਦੂਰਾਂ ਕੋਲੋਂ ਕਰਵਾਇਆ ਜਾਂਦਾ ਹੈ। ਫ਼ਸਲਾਂ ਦੀ ਪੈਦਾਵਾਰ ਹਰ ਸਾਲ ਘਟਦੀ ਜਾਂਦੀ ਹੈ, ਜਿਸ ਕਰਕੇ ਨਸ਼ੇ ਕਰਨ ਵਾਲਿਆਂ ਦੇ ਪਰਿਵਾਰ ਲਗਾਤਾਰ ਕਰਜ਼ੇ ਦੇ ਭਾਰ ਹੇਠ ਦੱਬ ਰਹੇ ਹਨ। ਨਸ਼ੇ ਸਾਡੇ ਸਮਾਜ ਦੀ ਤਰੱਕੀ ਨੂੰ ਨਸ਼ਟ ਕਰ ਰਹੇ ਹਨ। ਸਰਵੇਖਣਾਂ ਅਨੁਸਾਰ ਅੱਜ ਹਰ ਤੀਜਾ ਲੜਕਾ ਅਤੇ ਹਰ ਸੱਤਵੀਂ ਲੜਕੀ ਨਸ਼ਿਆਂ ਦੀ ਵਰਤੋਂ ਕਰਦੀ ਹੈ। ਅੱਜ ਨੌਜਵਾਨ ਨਸ਼ੇ ਦੀਆਂ ਗੋਲੀਆਂ ਖਾ ਕੇ, ਟੀਕੇ ਲਗਾ ਕੇ ਅਤੇ ਸ਼ੀਸ਼ੀਆਂ ਪੀ ਕੇ ਸਾਰਾ-ਸਾਰਾ ਦਿਨ ਵਿਹਲੇ ਘੁੰਮਦੇ ਅਤੇ ਲੜਾਈ-ਝਗੜੇ ਕਰਦੇ ਹਨ।

(ਰੋ: ਚੜ੍ਹਦੀ ਕਲਾ 29-04-2014 'ਚੋਂ ਧੰਨਵਾਦ ਸਹਿਤ!)

-੦-



# ਨਸ਼ੀਲੇ ਪਦਾਰਥ ਅਤੇ ਮਾਨਸਿਕ ਵਿਕਾਰ

**ਸੁਰਜੀਤ ਸਿੰਘ ਢਿੱਲੋਂ**

ਦਿਮਾਗ਼ ਨੂੰ ਲੱਗੀ ਰੋਗ-ਉਪਜਾਊ ਲਾਗ ਕਾਰਨ ਹੀ ਮਨ ਉੱਖੜਿਆ-ਉੱਖੜਿਆ ਅਨੁਭਵ ਨਹੀਂ ਕਰਦਾ, ਇਸ ਦੇ ਅੰਦਰੋਂ ਰਿਸਦੇ ਰਹਿਣ ਵਾਲੇ ਸੰਚਾਲਕ ਰਸਾਂ ਦੇ ਘੱਟ ਜਾਂ ਵੱਧ ਹੋਣ ਕਾਰਨ ਵੀ ਮਨ ਦੀ ਸਥਿਤੀ 'ਚ ਫ਼ਰਕ ਆ ਜਾਂਦਾ ਹੈ। ਮਨ ਦੇ ਵਧੀਆ ਰਉਂ ਨੂੰ ਬਣਾਈ ਰੱਖਣ ਯੋਗ ਸੰਚਾਲਕ ਰਸ ਸਿਰੋਟੋਨਿਨ ਹੈ ਜਿਸ ਦੀ ਘਾਟ ਕਾਰਨ ਮਨ ਨੂੰ ਡੋਬ ਪੈਣ ਲੱਗਦੇ ਹਨ। ਦੂਜਾ ਸੰਚਾਲਕ ਰਸ ਆਕਸੀਟਾਸਿਨ ਹੈ ਜੋ ਸਨੇਹਮਈ ਰਿਸ਼ਤਿਆਂ ਨੂੰ ਬਣਾਈ ਰੱਖਣ ਵਾਲੇ ਵਤੀਰੇ ਨੂੰ ਉਤੇਜਿਤ ਕਰਨ ਦੀ ਭੂਮਿਕਾ ਨਿਭਾਉਂਦਾ ਹੈ। ਦਿਮਾਗ਼ ਅੰਦਰ ਇਹ ਰਸ ਉਤੇਜਨਾਵਾਂ ਦਾ ਸੰਚਾਲਨ ਕਰਨ ਲਈ ਰਿਸਦੇ ਹਨ ਅਤੇ ਇਹ ਕਾਰਜ ਨਿਪਟ ਜਾਣ 'ਤੇ ਇਹ ਮੁੜ ਸੈੱਲਾਂ ਅੰਦਰ ਸੋਖ ਲਏ ਜਾਂਦੇ ਹਨ।

ਦਿਮਾਗ਼ ਦੇ ਭਿੰਨ-ਭਿੰਨ ਖੇਤਰ ਭਿੰਨ-ਭਿੰਨ ਕਿਰਿਆਵਾਂ ਨਿਭਾਉਣ ਯੋਗ ਹਨ, ਜਿਹੜੇ ਇੱਕ ਦੂਜੇ ਤੋਂ ਸੁਤੰਤਰ, ਆਪੋ-ਆਪਣੇ ਆਹਰ ਵਿੱਚ ਲੱਗੇ ਰਹਿੰਦੇ ਹਨ। ਦਿਮਾਗ਼ ਦੇ ਇਕ ਖੇਤਰ ਦੀ ਸਰਗਰਮੀ ਜਦੋਂ ਦੂਜੇ ਖੇਤਰ ਦੇ ਮੇਚ ਨਹੀਂ ਆ ਰਹੀ ਹੁੰਦੀ ਤਾਂ ਵਿਅਕਤੀ ਦੋ ਚਿੱਤ ਹੋਇਆ, ਨਿਰਣਾ ਲੈਣ 'ਚ ਹਿਚਕਚਾਉਣ ਲੱਗਦਾ ਹੈ। ਚੇਤਨਾ, ਦਿਮਾਗ਼ ਦੇ ਕਿਸੇ ਇੱਕ ਖੇਤਰ ਦੀ ਉਪਜ ਨਹੀਂ; ਇਹ ਸਰਗਰਮ ਹੋਏ ਕਈ ਖੇਤਰਾਂ ਦੀ ਮਿਲੀ-ਜੁਲੀ ਉਪਜ ਹੈ। ਇਹੋ ਸਥਿਤੀ ਹਉਮੈ ਦੀ, ਭਾਵ ਸਾਡੇ ਆਪਣੇ-ਆਪ ਬਾਰੇ ਅਨੁਭਵ ਦੀ ਵੀ ਹੈ, ਜਿਸ ਕਾਰਨ ਇੱਕ ਵਿਅਕਤੀ ਆਪਣੇ-ਆਪ 'ਚ ਡੁੱਬਿਆ ਆਪਣੇ ਹੀ ਰਚੇ ਸੰਸਾਰ 'ਚ ਵਿਚਰ ਰਿਹਾ ਹੁੰਦਾ ਹੈ।

ਦਿਮਾਗ਼ ਦੇ ਮੱਧ 'ਚ ਸਥਿਤ ਖੇਤਰ ਐਮਗਡਿਲਾ ਦਾ ਸੰਬੰਧ ਭਾਵਨਾਵਾਂ ਨਾਲ ਹੈ ਅਤੇ ਇੱਥੋਂ ਡਰ ਵੀ ਪੁੰਗਰਦਾ ਹੈ। ਨਸ਼ਿਆਂ ਦਾ ਸੰਬੰਧ ਦਿਮਾਗ਼ ਦੇ ਹੋਰਨਾਂ ਖੇਤਰਾਂ ਨਾਲੋਂ ਇਸੇ ਖੇਤਰ ਨਾਲ ਵੱਧ ਹੈ। ਵਿਅਕਤੀ ਦੇ

ਮਨ ਅਤੇ ਵਤੀਰੇ ਨੂੰ ਭਿੰਨ-ਭਿੰਨ ਨਸ਼ੇ ਭਿੰਨ-ਭਿੰਨ ਪ੍ਰਕਾਰ ਪ੍ਰਭਾਵਿਤ ਕਰਦੇ ਹਨ। ਕੁਝ ਨਸ਼ੇ ਵਿਅਕਤੀ ਨੂੰ ਅਜਿਹਾ ਕੁਝ ਕਰਨ ਲਈ ਉਕਸਾਉਂਦੇ ਰਹਿੰਦੇ ਹਨ ਜਿਨ੍ਹਾਂ ਦੀ ਨਾ ਸਦਾਚਾਰ ਆਗਿਆ ਦਿੰਦਾ ਹੈ ਅਤੇ ਨਾ ਸੱਭਿਆਚਾਰ। ਵਧੇਰੇ ਨਸ਼ੇ ਭਾਵਾਤਮਿਕ ਉਲਾਰ ਦਾ ਕਾਰਨ ਬਣ ਕੇ ਵਿਅਕਤੀ ਨੂੰ ਅਜਿਹੇ ਸੰਸਾਰ 'ਚ ਧੱਕ ਦਿੰਦੇ ਹਨ ਜਿਹੜਾ ਅਸਲ ਵਿੱਚ ਤਾਂ ਹੁੰਦਾ ਨਹੀਂ ਸਗੋਂ ਨਿਰੋਲ ਵਿਅਕਤੀਗਤ ਕਲਪਨਾ ਦੀ ਉਪਜ ਹੁੰਦਾ ਹੈ। ਨਸ਼ੇ ਦਾ ਮਨ ਉੱਪਰ ਪੈ ਰਿਹਾ ਪ੍ਰਭਾਵ ਆਰਜ਼ੀ ਹੁੰਦਾ ਹੈ ਜਿਹੜਾ ਨਸ਼ੇ ਦੇ ਖ਼ਰਚ ਹੁੰਦਿਆਂ ਹੀ ਵਿਦਾ ਹੋ ਜਾਂਦਾ ਹੈ। ਇਹੋ ਨਹੀਂ, ਇਹ ਪਿੱਛੇ ਅਜਿਹਾ ਅਹਿਸਾਸ ਛੱਡ ਜਾਂਦਾ ਹੈ ਜਿਸ ਕਾਰਨ ਮਨ ਕੁਝ ਸਮੇਂ ਲਈ ਮਿਧਿਆ, ਕੁਮਲਾਇਆ ਮਹਿਸੂਸ ਕਰਦਾ ਰਹਿੰਦਾ ਹੈ। ਦਿਮਾਗ਼ ਦਾ ਜਿਹੜਾ ਖੇਤਰ ਵਿਅਕਤੀ ਨੂੰ ਆਨੰਦ ਦਾ ਅਨੁਭਵ ਕਰਵਾਉਂਦਾ ਹੈ, ਉਸੇ 'ਚੋਂ ਨਸ਼ੀਲੇ ਪਦਾਰਥਾਂ ਦੀ ਨਿਰਵਿਘਨ ਵਰਤੋਂ ਕਰਦੇ ਰਹਿਣ ਦੀ ਲਲ੍ਹਕ ਵੀ ਪੁੰਗਰਦੀ ਰਹਿੰਦੀ ਹੈ।

ਮਨ ਦੇ ਰਉਂ ਨੂੰ ਟਿਕਾਣੇ ਅਤੇ ਇਸ ਨੂੰ ਚੜ੍ਹਦੀ ਕਲਾ 'ਚ ਰੱਖਣ ਲਈ ਨਰਮ ਨਸ਼ੀਲੇ ਪਦਾਰਥਾਂ ਦੀ ਸੰਜਮੀ ਵਰਤੋਂ ਪੁਰਾਤਨ ਸਮਿਆਂ ਤੋਂ ਕੀਤੀ ਜਾਂਦੀ ਰਹੀ ਹੈ। ਮਨੋਵਿਕਾਰਾਂ ਦੇ ਇਲਾਜ ਲਈ ਵੀ ਅੱਜਕੱਲ੍ਹ ਅਜਿਹੇ ਪਦਾਰਥ ਖੋਜ ਅਧੀਨ ਹਨ। ਦਵਾਈ ਵਜੋਂ ਇਹ ਕਿੱਥੋਂ ਤਕ ਉਪਯੋਗੀ ਸਿੱਧ ਹੋ ਸਕਦੇ ਹਨ, ਇਸ ਨਜ਼ਰੀਏ ਨਾਲ ਬਹੁਤੇ ਸਹਿਮਤ ਨਹੀਂ। ਪਰ ਇਸ ਨਜ਼ਰੀਏ ਦਾ ਪੱਖ ਪੂਰਨ ਵਾਲਿਆਂ ਦਾ ਵਿਚਾਰ ਹੈ ਕਿ ਮਨੋਵਿਕਾਰਾਂ ਦੇ ਇਲਾਜ ਲਈ ਤਜਵੀਜ਼ ਕੀਤੇ ਜਾ ਰਹੇ ਦਵਾ-ਦਾਰੂ ਵੀ ਤਾਂ ਨਸ਼ੀਲੇ ਪਦਾਰਥਾਂ ਵਾਂਗ ਹੀ ਦਿਮਾਗ਼ ਨੂੰ ਪ੍ਰਭਾਵਿਤ ਕਰ ਰਹੇ ਹਨ ਅਤੇ ਜਿਨ੍ਹਾਂ ਦੀ ਉਨ੍ਹਾਂ ਵਾਂਗ ਹੀ ਆਦਤ ਪੈ ਜਾਣ ਦੀ ਵੀ ਸੰਭਾਵਨਾ ਹੈ ਅਤੇ ਜਿਨ੍ਹਾਂ ਦੇ ਵਾਧੂ ਭੈੜੇ ਪ੍ਰਭਾਵ ਵੀ ਇਲਾਜ ਅਧੀਨ ਵਿਅਕਤੀ ਝੱਲ ਰਹੇ ਹਨ। ਫਿਰ ਕਿਉਂ ਨਾ ਨਰਮ ਸੁਭਾਅ ਵਾਲੇ ਨਸ਼ੀਲੇ ਪਦਾਰਥਾਂ ਨੂੰ ਦਵਾਈਆਂ ਵਜੋਂ ਪਰਖ ਲਿਆ ਜਾਵੇ?

ਦਰਅਸਲ, ਮਨ ਦਾ ਸਦਾ ਚੜ੍ਹਦੀ ਕਲਾ 'ਚ ਵਿਚਰਨਾ ਸੰਭਵ ਨਹੀਂ। ਦਿਮਾਗ਼ 'ਚ ਹਰ ਸਮੇਂ ਕੁਝ ਨਾ ਕੁਝ ਚੱਲਦਾ ਰਹਿੰਦਾ ਹੈ ਜਿਹੜਾ ਸੁਖਾਵਾਂ ਵੀ ਹੁੰਦਾ ਹੈ ਅਤੇ ਅਣਸੁਖਾਵਾਂ ਵੀ। ਅਜਿਹੇ ਉਤਾਰ-ਚੜ੍ਹਾਅ ਦਾ



ਹੁੰਗਾਰਾ ਭਰਦਾ ਹੋਇਆ ਮਨ ਟਹਿਕਦਾ ਅਤੇ ਮੁਰਝਾਉਂਦਾ ਰਹਿੰਦਾ ਹੈ। ਬਿਖਰਦੀਆਂ ਸਿਮਟਦੀਆਂ ਰਹਿੰਦੀਆਂ ਦਿਮਾਗ਼ ਅੰਦਰਲੀਆਂ ਪ੍ਰਸਥਿਤੀਆਂ ਕਾਰਨ ਵੀ ਮਨ ਦੀ ਵਿਵਸਥਾ ਇਕਸਾਰ ਬਣੀ ਨਹੀਂ ਰਹਿ ਸਕਦੀ; ਜਿਵੇਂ ਮਨ ਦਾ ਉਦਾਸ ਹੋਣਾ ਸੁਭਾਵਿਕ ਹੈ, ਉਵੇਂ ਹੀ ਮਨ ਦੀ ਉਦਾਸੀ ਦਾ ਢੈਲਾ ਪੈਣਾ ਵੀ ਸੁਭਾਵਿਕ ਹੈ। ਮਨ ਉਦਾਸ ਹੋਣ 'ਤੇ ਸਾਨੂੰ ਹੋਰ ਕੁਝ ਨਹੀਂ ਸੁੱਝਦਾ ਅਤੇ ਲੱਗਣ ਲਗਦਾ ਹੈ ਕਿ ਅਜਿਹੀ ਜ਼ਿਆਦਤੀ ਸਿਰਫ਼ ਸਾਡੇ ਨਾਲ ਹੋ ਰਹੀ ਹੈ, ਪਰ ਇਹ ਹਕੀਕਤ ਨਹੀਂ। ਹਰ ਵਿਅਕਤੀ ਉਦਾਸੀਆਂ 'ਚ ਭੁੱਜਣ ਯੋਗ ਹੈ, ਸਗੋਂ ਕਈ ਤਾਂ ਸਾਡੇ ਨਾਲੋਂ ਵੀ ਵੱਧ ਉਦਾਸੀਆਂ ਦਾ ਸ਼ਿਕਾਰ ਬਣ ਰਹੇ ਹਨ। ਸਿਆਣੇ ਵਿਅਕਤੀ ਹਰ ਹਾਲ ਮਾਨਸਿਕ ਸੰਤੁਲਨ ਡੋਲਣ ਨਹੀਂ ਦਿੰਦੇ ਅਤੇ ਜਿਹੜੇ ਅਣਸੁਖਾਵੇਂ ਅਨੁਭਵ ਨਾਲ ਨਿਪਟਣ 'ਚ ਸਫਲ ਨਹੀਂ ਹੁੰਦੇ, ਉਨ੍ਹਾਂ ਦੀ ਪਰੇਸ਼ਾਨੀ ਉਨ੍ਹਾਂ ਦੇ ਚਿਹਰੇ 'ਤੇ ਝਲਕਦੀ ਦੇਖੀ ਜਾ ਸਕਦੀ ਹੈ। ਪਰ ਦੁਨੀਆਂ ਵਿੱਚ ਸੂਝਵਾਨ ਸਿਆਣੇ ਵਿਅਕਤੀ ਟਾਵੇਂ ਹਨ ਜਦੋਂਕਿ ਅਯੋਗ ਅਵਸਥਾ ਨਾਲ ਨਾ ਨਿਭ ਸਕਣ ਯੋਗ ਵਿਅਕਤੀ ਆਮ ਹਨ।

ਸਦਮਿਆਂ ਕਾਰਨ ਝੁੰਜਲਾਏ ਮਨ ਉਦਾਸ ਰਹਿੰਦੇ ਹਨ ਜਿਨ੍ਹਾਂ ਨੂੰ ਆਪਣੀ ਉਦਾਸੀ ਦਾ ਕਾਰਨ ਵੀ ਸਮਝ ਨਹੀਂ ਆਉਂਦਾ। ਅਜਿਹਾ ਇਸ ਲਈ ਹੈ, ਕਿਉਂਕਿ ਸਰੀਰ ਨਾਲ ਜੋ ਕੁਝ ਵਾਪਰ ਰਿਹਾ ਹੈ, ਉਸ ਨੂੰ ਤਾਂ ਮਨ ਅਨੁਭਵ ਕਰਨ ਯੋਗ ਹੈ, ਪਰ ਖ਼ੁਦ ਮਨ ਨਾਲ ਜੋ ਵਾਪਰ ਰਿਹਾ ਹੈ ਉਸ ਦੀ ਇਸ ਨੂੰ ਸਮਝ ਨਹੀਂ ਪੈਂਦੀ। ਮਨ ਅਜਿਹੇ ਦਿਮਾਗ਼ ਦਾ ਪਰਛਾਵਾਂ ਹੈ ਜਿਸ ਵਿੱਚ ਅਰਬਾਂ ਸੈੱਲ ਹਨ, ਜਿਹੜੇ ਆਪਸ 'ਚ ਇੱਕ ਦੂਜੇ ਦੇ ਸੰਪਰਕ ਵਿੱਚ ਵੀ ਹਨ। ਦਿਮਾਗ਼ ਦੇ ਸੈੱਲਾਂ 'ਚੋਂ ਲਗਰਾਂ ਦਾ ਫੁਟਾਰਾ ਲਗਾਤਾਰ ਹੁੰਦਾ ਰਹਿੰਦਾ ਹੈ ਜਿਹੜੇ ਹੋਰਨਾਂ ਸੈੱਲਾਂ ਨਾਲ ਸੰਪਰਕ ਵੀ ਜੀਵਨ ਭਰ ਅਟੇਰਦੇ ਰਹਿੰਦੇ ਹਨ। ਫਿਰ ਇਨ੍ਹਾਂ ਸੈੱਲਾਂ 'ਚ ਬਿਜਲਈ ਸੁਭਾਅ ਵਾਲੀਆਂ ਤਰੰਗਾਂ ਭਾਵ ਉਤੇਜਨਾਵਾਂ ਵੀ ਐਧਰੋਂ-ਓਧਰ ਅਤੇ ਓਧਰੋਂ ਐਧਰ ਲਗਾਤਾਰ ਘੁੰਮਦੀਆਂ ਰਹਿੰਦੀਆਂ ਹਨ। ਉਤੇਜਨਾਵਾਂ ਦਾ ਸੈੱਲਾਂ ਵਿੱਚ ਸੰਚਾਰ ਵਿਸ਼ੇਸ਼ ਪ੍ਰਕਾਰ ਦੇ ਰਸਾਂ ਦੀ ਸਾਲਸੀ ਬਿਨਾਂ ਸੰਭਵ ਨਹੀਂ। ਇਨ੍ਹਾਂ ਸਾਲਸੀ ਸੰਚਾਲਕ

ਰਸਾਂ ਦੀ ਵੰਨਗੀ ਅਤੇ ਇਨ੍ਹਾਂ ਦੀ ਹੋਂਦ ਜਾਂ ਅਣਹੋਂਦ ਉੱਪਰ ਮਨ ਦੇ ਰਉਂ ਵੀ ਨਿਰਭਰ ਹਨ। ਅਨੰਦ ਦੇ ਅਨੁਭਵ ਲਈ ਵੀ ਇਹੋ ਜ਼ਿੰਮੇਵਾਰ ਹਨ ਅਤੇ ਦਿਲਗੀਰੀ ਡੋਬ ਲਈ ਵੀ। ਮੋਹ ਭਰੀ ਨੇੜਤਾ ਦਾ ਅਨੁਭਵ ਕਰ ਰਹੇ ਵਿਅਕਤੀ ਅਤੇ ਸਫਲਤਾ ਪੂਰਵਕ ਹੱਥਲੇ ਕਾਰਜ ਨੂੰ ਨਿਪਟਾ ਚੁੱਕੇ ਵਿਅਕਤੀ ਨੂੰ ਇਨ੍ਹਾਂ 'ਚੋਂ ਕੁਝ ਵਿਸ਼ੇਸ਼ ਰਸਾਂ ਦੇ ਦਿਮਾਗ਼ ਵਿੱਚ ਰਿਸਣ ਕਾਰਨ ਹੀ ਖ਼ੁਸ਼ੀ ਦਾ ਅਨੁਭਵ ਹੁੰਦਾ ਹੈ। ਮੁੜ੍ਹਕਾ ਵਗਾਊ ਮੁਸ਼ੱਕਤ ਜਾਂ ਕਸਰਤ ਕਰਨ ਉਪਰੰਤ ਵੀ ਜੇ ਸੰਤੁਸ਼ਟੀ ਦਾ ਅਨੁਭਵ ਹੋਣ ਲੱਗਦਾ ਹੈ ਤਾਂ ਅਜਿਹੇ ਰਸਾਂ ਦੇ ਦਿਮਾਗ਼ ਅੰਦਰ ਰਿਸਣ ਕਾਰਨ। ਦਿਮਾਗ਼ ਅੰਦਰ ਰਿਸੇ ਇਨ੍ਹਾਂ ਰਸਾਂ ਦੇ ਸੈੱਲਾਂ ਅੰਦਰ ਮੁੜ ਸੋਖੇ ਜਾਣ ਕਾਰਨ ਮਨ ਦਾ ਰਉਂ ਲੰਮੇ ਸਮੇਂ ਤਕ ਬਣਿਆ ਨਹੀਂ ਰਹਿੰਦਾ, ਇਸ ਦਾ ਪਤਨ ਹੋਣਾ ਹੀ ਹੁੰਦਾ ਹੈ। ਰਿਸੇ ਰਸਾਂ ਦਾ ਮੁੜ ਸੈੱਲਾਂ ਅੰਦਰ ਸਮੋਇਆ ਜਾਣਾ ਇਸ ਲਈ ਲਾਜ਼ਮੀ ਹੈ ਤਾਂ ਕਿ ਵੱਖਰੀਆਂ ਉਤੇਜਨਾਵਾਂ ਦੇ ਸੰਚਾਰ ਲਈ ਦੂਜੇ ਰਸ ਦਿਮਾਗ਼ ਅੰਦਰ ਰਿਸ ਸਕਣ।

ਨਸ਼ੀਲੇ ਪਦਾਰਥ ਵੀ ਦਿਮਾਗ਼ ਅੰਦਰ ਸੰਚਾਲਕ ਰਸਾਂ ਦੇ ਰਿਸਣ ਜਾਂ ਲੋੜੀਂਦੇ ਰਸਾਂ ਦੇ ਨਾ ਰਿਸਣ ਨੂੰ ਪ੍ਰਭਾਵਿਤ ਕਰਦੇ ਹਨ। ਇਸੇ ਕਾਰਨ ਇਨ੍ਹਾਂ ਨੂੰ ਮਨੋਵਿਕਾਰਾਂ ਦੇ ਇਲਾਜ ਲਈ ਅਜ਼ਮਾਇਆ ਜਾ ਰਿਹਾ ਹੈ। ੧੯੭੦ ਤਕ ਅਮਰੀਕਾ ਵਿਖੇ ਲੈਸਰਜਕ ਤੇਜ਼ਾਬੀ ਅੰਸ਼, ਐੱਲ.ਐਸ. ਡੀ. ਦੀ ਸ਼ਾਇਜ਼ੋਫਰੀਨਿਆ ਅਤੇ ਹੋਰਨਾਂ ਮਾਨਸਿਕ ਚਿੰਤਾਵਾਂ ਦੇ ਇਲਾਜ ਲਈ ਵਰਤੋਂ ਕੀਤੀ ਜਾਂਦੀ ਰਹੀ। ਇਸ ਨਸ਼ੀਲੇ ਪਦਾਰਥ ਦੀ ਵਰਤੋਂ ਕਰਦੇ ਮਾਨਸਿਕ ਰੋਗੀਆਂ ਦੇ ਵਹਿਮਾਂ-ਭਰਮਾਂ ਦੁਆਰਾ ਭੁਚਲਾਏ ਰਹਿਣ ਦੇ ਸੰਕੇਤ ਮਿਲਣ ਮਗਰੋਂ ਇਸ ਦੀ ਵਰਤੋਂ ਰੋਕ ਦਿੱਤੀ ਗਈ। ਇਸੇ ਤਰ੍ਹਾਂ ਐਸ.ਐਸ. ਆਰ.ਆਈ. ਦੇ ਸੰਕੇਤਕ ਨਾਲ ਜਾਣੀ ਜਾਂਦੀ ਦਵਾਈ ਨਾਲ ਹੋਇਆ। ਧਾਰਨਾ ਇਹ ਸੀ ਕਿ ਸੰਚਾਲਕ ਰਸ ਸਿਰੋਟੋਨਿਨ ਦੀ ਦਿਮਾਗ਼ ਵਿੱਚ ਘਾਟ ਕਾਰਨ ਮਨ ਨੂੰ ਡੋਬ ਪੈਣ ਲੱਗਦੇ ਹਨ। ਇਹ ਦਵਾਈ ਰਿਸੇ ਇਸ ਰਸ ਦੇ ਮੁੜ ਸੈਲਾਂ ਅੰਦਰ ਸਮੋਏ ਜਾਣ 'ਚ ਅੜਿੱਕਾ ਬਣ ਰਹੀ ਸੀ। ਮਨ ਦੇ ਰਉਂ ਨੂੰ ਟਿਕਾਣੇ ਰੱਖਣ ਦੇ ਨਜ਼ਰੀਏ ਨਾਲ ਐੱਸ.ਐੱਸ.ਆਰ.ਆਈ. ਦਾ ਉਪਯੋਗ ਹੋਣ ਲੱਗਿਆ। ਪਰ ਦੇਖਿਆ ਗਿਆ ਕਿ ਇਸ ਦੇ ਅਣਚਾਹੇ ਪ੍ਰਭਾਵ ਮਨ ਉੱਪਰ



ਪੈ ਰਹੇ ਸਨ। ਇਹ ਕੁਦਰਤੀ ਵਾਪਰ ਰਹੀ ਪ੍ਰਕਿਰਿਆ ਦੇ ਰਾਹ 'ਚ ਰੁਕਾਵਟ ਸਿੱਧ ਹੋ ਰਹੀ ਸੀ। ਸੋ ਇਹ ਦਵਾਈ ਦੀ ਵਰਤੋਂ ਅਧੀਨ ਨਹੀਂ ਸੀ ਰਹੀ।

ਫਿਰ ਵੀ ਮਾਨਸਿਕ ਵਿਕਾਰਾਂ ਦੇ ਇਲਾਜ ਲਈ ਅਜਿਹੇ ਨਸ਼ੀਲੇ ਪਦਾਰਥਾਂ ਦੀ ਖੋਜ ਜਾਰੀ ਰਹੀ ਜਿਨ੍ਹਾਂ ਦੇ ਵਾਧੂ ਬੁਰੇ ਪ੍ਰਭਾਵ ਮਾਮੂਲੀ ਹੱਦ ਤਕ ਪੈਣ ਦੀ ਸੰਭਾਵਨਾ ਸੀ। ਵੀਹ ਕੁ ਵਰ੍ਹਿਆਂ ਦੀ ਘਾਲਣਾ ਉਪਰੰਤ ਅਜਿਹਾ ਇੱਕ ਪਦਾਰਥ ਮਿਲਿਆ ਜਿਹੜਾ ਦਿਮਾਗ਼ ਅੰਦਰ ਸਿਰੋਟੋਨਿਨ ਦੇ ਰਿਸਣ 'ਚ ਵਾਧਾ ਕਰਨ ਯੋਗ ਸੀ ਅਤੇ ਇਸ ਦੇ ਸੈੱਲਾਂ ਅੰਦਰ ਮੁੜ ਸੋਖੇ ਜਾਣ ਵਿੱਚ ਰੁਕਾਵਟ ਵੀ ਨਹੀਂ ਸੀ ਬਣ ਰਿਹਾ। ਉਲਝਵੇਂ ਵਿਗਿਆਨਿਕ ਨਾਮ ਵਾਲੇ ਇਸ ਪਦਾਰਥ ਨੂੰ ਐੱਮ.ਡੀ.ਐੱਮ.ਏ. ਵਜੋਂ ਜਾਣਿਆ ਜਾ ਰਿਹਾ ਹੈ ਜਿਹੜਾ ਮਾਨਸਿਕ ਤਣਾਓ ਨੂੰ ਦੂਰ ਕਰਨ ਲਈ ਅੱਜਕੱਲ੍ਹ ਅਜ਼ਮਾਇਸ਼ ਅਧੀਨ ਹੈ। ਇਹ ਪਦਾਰਥ ਆਕਸੀਟਾਸਿਨ ਦੇ ਦਿਮਾਗ਼ ਵਿੱਚ ਰਿਸਣ ਲਈ ਵੀ ਉਪਯੋਗੀ ਸਿੱਧ ਹੋ ਰਿਹਾ ਹੈ ਜਿਸ ਦੇ ਫਲਸਰੂਪ ਵਿਅਕਤੀ ਦੀ ਸਹਿਚਾਰਕ ਪ੍ਰਵਿਰਤੀ ਟੁੰਬੀ ਜਾਂਦੀ ਹੈ ਅਤੇ ਉਸ ਲਈ ਹੋਰਨਾਂ 'ਚ ਵਿਸ਼ਵਾਸ ਕਰਨਾ ਸੁਖਾਲਾ ਹੋ ਜਾਂਦਾ ਹੈ। ਇਸ ਪਦਾਰਥ ਦੀ ਅਜ਼ਮਾਇਸ਼ੀ ਉਪਯੋਗ ਕਰ ਰਹੇ ਵਿਅਕਤੀ ਚਿੰਤਾਵਾਂ ਤੋਂ ਮੁਕਤ ਤਾਂ ਹੋਏ ਹੀ, ਪਰ ਨਾਲ ਹੀ ਉਨ੍ਹਾਂ ਨੂੰ ਭੈੜੇ ਸੁਪਨਿਆਂ ਤੋਂ ਵੀ ਨਿਜਾਤ ਮਿਲ ਗਈ। ਇੱਕ ਹੋਰ ਮੂਡ ਸੁਧਾਰਕ ਨਸ਼ੀਲਾ ਪਦਾਰਥ ਸਾਇਲੋਸਾਇਬਿਨ ਵੀ ਖੋਜ ਅਧੀਨ ਹੈ। ਜਿਸ ਵਿਸ਼ੇਸ਼ ਕਿਸਮ ਦੀ ਖੁੰਬ 'ਚ ਇਹ ਪਦਾਰਥ ਮਿਲਦਾ ਹੈ, ਉਸ ਦੀ ਕਾਸ਼ਤ ਉੱਪਰ ਰੋਕ ਹੈ। ਇਸ ਪਦਾਰਥ ਦੇ ਪ੍ਰਭਾਵ ਅਧੀਨ ਵਿਅਕਤੀ ਸੁਖਦਾਇਕ ਅਲੌਕਿਕਤਾ ਦਾ ਅਨੁਭਵ ਕਰਦਿਆਂ ਆਪਣੇ ਆਪ ਨੂੰ ਭੁਲਾ ਛੱਡਦਾ ਹੈ ਅਤੇ ਉਸ ਨੂੰ ਹੀਣ-ਭਾਵਨਾ ਤੋਂ ਵੀ ਛੁਟਕਾਰਾ ਮਿਲ ਜਾਂਦਾ ਹੈ। ਅਜਿਹੀ ਵਿਵਸਥਾ 'ਚ ਵਿਚਰਦਿਆਂ ਵਿਅਕਤੀ ਨੂੰ ਹੋਰਨਾਂ ਨਾਲ ਮਿਲਣਾ ਜੁਲਣਾ ਵੀ ਚੰਗਾ ਲੱਗਣ ਲਗਦਾ ਹੈ।

ਪਲ-ਪਲ ਢਲਦੇ ਰਹਿਣ ਯੋਗ ਸਰੀਰ ਦਾ ਇੱਕੋ-ਇਕ ਅੰਗ ਦਿਮਾਗ਼ ਹੈ ਜਿਹੜਾ ਸੰਵੇਦਨਾਵਾਂ ਦਾ ਹੁੰਗਾਰਾ ਭਰਦਾ ਹੋਇਆ ਸੰਜਮ ਸਿਰ ਬਦਲਦਾ ਰਹਿੰਦਾ ਹੈ। ਨਸ਼ੀਲੇ ਪਦਾਰਥਾਂ ਦੇ ਪ੍ਰਭਾਵ ਅਧੀਨ ਅਜਿਹੇ

ਵਲਣਯੋਗ ਦਿਮਾਗ਼ ਦਾ ਸਥਿਰ ਰਹਿ ਸਕਣਾ ਕਿਵੇਂ ਸੰਭਵ ਹੋ ਸਕਦਾ ਹੈ? ਨਸ਼ੇ ਅਧੀਨ ਦਿਮਾਗ਼ ਅੰਦਰ ਆ ਰਹੀ ਅਸਥਿਰਤਾ ਆਰਜ਼ੀ ਹੁੰਦੀ ਹੈ, ਪਰ ਜਦ ਇਹ ਵਿਦਾ ਹੁੰਦੀ ਹੈ ਅਣਚਾਹਿਆ ਅਣਸੁਖਾਵਾਂ ਅਨੁਭਵ ਪਿੱਛੇ ਛੱਡ ਜਾਂਦੀ ਹੈ। ਦਿਮਾਗ਼ ਦੇ ਐਮਗਡਿਲਾ ਖੇਤਰ ਦਾ ਸਿੱਧਾ ਸੰਬੰਧ ਭਾਵਨਾਵਾਂ ਨਾਲ ਹੈ ਅਤੇ ਨਸ਼ੀਲੇ ਪਦਾਰਥਾਂ ਤੋਂ ਦਿਮਾਗ਼ ਦਾ ਇਹ ਖੇਤਰ ਵਿਸ਼ੇਸ਼ ਪ੍ਰਭਾਵਿਤ ਹੋਣ ਯੋਗ ਹੈ। ਦਿਮਾਗ਼ ਦੇ ਇਸ ਖੇਤਰ 'ਚ ਨਸ਼ੇ ਅਧੀਨ ਪਰਿਵਰਤਨਾਂ ਦੇ ਭੁਚਾਲ ਆ ਜਾਂਦੇ ਹਨ। ਕਿਸੇ ਵੀ ਪ੍ਰਕਾਰ ਉਤੇਜਿਤ ਹੋਈਆਂ ਭਾਵਨਾਵਾਂ ਜੀਵਨ ਵਿੱਚ ਰਸ ਘੋਲ ਦਿੰਦੀਆਂ ਹਨ ਜਦੋਂਕਿ ਭਾਵਾਤਮਿਕ ਫਿੱਕ ਕਾਰਨ ਮਨ ਉਪਰਾਮਤਾ ਵੱਲ ਨੂੰ ਝੁਕ ਜਾਂਦਾ ਹੈ। ਇਸੇ ਕਾਰਨ ਨਸ਼ਿਆਂ ਦਾ ਸੇਵਨ ਆਮ ਹੁੰਦਾ ਜਾ ਰਿਹਾ ਹੈ ਅਤੇ ਇਸ ਸੋਚ ਅਧੀਨ ਵੀ ਕਿ ਦੁਨੀਆਂ ਵਿੱਚ ਵਿਚਰਦਿਆਂ ਦੁਨੀਆਂ ਤੋਂ ਉਪਰਾਮ ਹੋਣ ਦੇ ਕੀ ਅਰਥ?

ਨਸ਼ੇ ਭਾਵੇਂ ਭਾਵਨਾਵਾਂ ਲਈ ਉਤੇਜਿਤ ਸਿੱਧ ਹੋ ਰਹੇ ਹੋਣ ਅਤੇ ਭਾਵੇਂ ਮਾਨਸਿਕ ਸੰਤੁਲਨ ਦੀ ਮੁੜ ਸਥਾਪਨਾ ਦਾ ਸਾਧਨ, ਫਿਰ ਵੀ ਇਨ੍ਹਾਂ ਦੁਆਰਾ ਉਪਜਾਈ ਅਵਸਥਾ ਆਰਜ਼ੀ ਹੁੰਦੀ ਹੈ ਜਿਸ ਕਾਰਨ ਇਨ੍ਹਾਂ ਦਾ ਸੇਵਨ ਕਰ ਰਿਹਾ ਵਿਅਕਤੀ ਇਨ੍ਹਾਂ ਦੀ ਲਗਾਤਾਰ ਵਰਤੋਂ ਕਰਨ ਦਾ ਆਦੀ ਹੋ ਜਾਂਦਾ ਹੈ। ਨਸ਼ੀਲੇ ਪਦਾਰਥਾਂ ਪ੍ਰਤੀ ਅਜਿਹਾ ਵਿਹਾਰ ਕਿਸੇ ਹਾਲ ਵੀ ਸਵੀਕਾਰ ਨਹੀਂ ਹੋਣਾ ਚਾਹੀਦਾ, ਦਵਾਈ ਵਜੋਂ ਵੀ ਨਹੀਂ। ਆਕਾਸ਼ੀਂ ਉੱਡ ਕੇ ਮੁੜ ਹੇਠ ਡਿੱਗਣ ਨਾਲੋਂ ਧਰਤੀ ਉੱਪਰ ਵਿਚਰਦੇ, ਰਹਿਣਾ ਹੀ ਭਲਾ। ਬਕੌਲ ਸ਼ਾਇਰ:

**ਦੇਤੇ ਹੈਂ ਜੰਨਤ ਹਯਾਤ-ਏ ਦਹਰ ਕੇ ਬਦਲੇ,**
**ਨਸ਼ਾ ਬ-ਅੰਦਾਜ਼ਾ, ਖ਼ੁਮਾਰ ਨਹੀਂ ਹੈ।**

ਸੰਪਰਕ 0175-2214547
(ਪੰ: ਟਿ: 14-01-2018 'ਚੋਂ ਧੰਨਵਾਦ ਸਹਿਤ!)

-o-



## ਨਸ਼ਾ ਗ੍ਰਸਤ ਪੰਜਾਬ

ਨਸ਼ਾ ਗ੍ਰਸਤ ਪੰਜਾਬ ਹੋ ਗਿਆ,
ਬੱਸ ਨਾਂ ਦੇ ਅਸੀਂ ਪੰਜਾਬੀ।
ਚਿਹਰੀਂ ਸਭ ਦੇ ਵੱਸੇ ਪਿਲੱਤਣ,
ਉੱਡਗੇ ਰੰਗ ਗ਼ੁਲਾਬੀ।
ਨਸ਼ਾ ਜਵਾਨੀਆਂ ਖਾਣੋਂ ਹਟ ਜਾਏ,
ਅਸੀਂ ਵੀ ਹੱਥ ਵਟਾਈਏ।
ਆਉ ਅੱਜ ਤੋਂ ਦੇਸ਼ ਪੰਜਾਬ ਨੂੰ,
ਨਸ਼ਿਉਂ ਮੁਕਤ ਕਰਾਈਏ।
ਕਿੱਧਰੇ ਕੋਈ ਇੰਜੈਕਸ਼ਨ ਲਾ ਕੇ,
ਐਸ਼-ਪ੍ਰਸਤੀ ਕਰਦੇ।
ਜੀਵਨ ਨਰਕ ਬਣਾ ਲੈਣ ਆਪਣੇ,
ਮੌਤ ਅਣਿਆਈ ਮਰਦੇ।
ਕਿਸੇ ਤਰੀਕੇ ਕਿਸੇ ਬਹਾਨੇ,
ਲੋਕਾਂ ਨੂੰ ਸਮਝਾਈਏ।
ਆਉ ਅੱਜ ਤੋਂ ਦੇਸ਼ ਪੰਜਾਬ ਨੂੰ,
ਨਸ਼ਿਉਂ ਮੁਕਤ ਕਰਾਈਏ।
ਭੁੱਕੀ, ਡੋਡੇ, ਟਰੱਕ ਸ਼ਰਾਬਾਂ,
ਭਰ-ਭਰ ਰੋਜ਼ ਨੇ ਆਂਦੇ।
ਪਤਾ ਨਹੀਂ ਲੱਗਦਾ ਸਾਡੇ ਗੱਭਰੂ,
ਹਜ਼ਮ ਕਿੱਦਾਂ ਕਰ ਜਾਂਦੇ।
ਮੂਧੇ ਮੂੰਹ ਨਿੱਤ ਗੰਦ 'ਚ ਡਿੱਗਣੋ,
ਦੇ ਕੇ ਹੱਥ ਬਚਾਈਏ।
ਆਉ ਅੱਜ ਤੋਂ ਦੇਸ਼ ਪੰਜਾਬ ਨੂੰ,
ਨਸ਼ਿਉਂ ਮੁਕਤ ਕਰਾਈਏ।

ਕੋਈ ਖਾ ਕੇ ਭੰਗ ਅਫ਼ੀਮਾਂ,
ਮਸਤੀ ਕਰਦੇ ਰਹਿੰਦੇ।
ਨਸ਼ਾ ਹੱਡਾਂ ਨੂੰ ਅੰਦਰੋਂ ਖਾਵੇ,
ਫਿਰ ਵੀ ਰਾਹ ਨਹੀਂ ਪੈਂਦੇ।
ਜਗ੍ਹਾ-ਜਗ੍ਹਾ ਤੇ ਕੈਂਪ ਲਗਾ ਕੇ,
ਜੀਵਨ-ਜੁਗਤ ਸਿਖਾਈਏ।
ਆਉ ਅੱਜ ਤੋਂ ਦੇਸ਼ ਪੰਜਾਬ ਨੂੰ,
ਨਸ਼ਿਉਂ ਮੁਕਤ ਕਰਾਈਏ।
ਹੁੱਕਾ ਪੀ-ਪੀ ਖੰਘ ਹੋ ਜਾਏ,
ਫੇਫੜੇ ਹੋਣ ਖ਼ਰਾਬ।
ਪਾਨ, ਤੰਬਾਕੂ ਕੈਂਸਰ ਕਰਦੇ,
ਗੁਰਦੇ ਖਾਵੇ ਸ਼ਰਾਬ।
ਠੇਕੇ ਰਾਹੋਂ ਮੋੜ ਲੋਕਾਂ ਨੂੰ,
'ਜੱਸਿਆ' ਯੋਗ ਸਿਖਾਈਏ।
ਆਉ ਅੱਜ ਤੋਂ ਦੇਸ਼ ਪੰਜਾਬ ਨੂੰ,
ਨਸ਼ਿਉਂ ਮੁਕਤ ਕਰਾਈਏ।

ਜੈ ਸਿੰਘ 'ਜੱਸਾ',
ਪ੍ਰਸ਼ਾਸਕ
(ਮਾਨਾਂਵਾਲਾ ਬ੍ਰਾਂਚ)
ਪਿੰਗਲਵਾੜਾ ਅੰਮ੍ਰਿਤਸਰ।
M: 97814-01142
M: 99150-38294

-o-



# ਪਿੰਗਲਵਾੜਾ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜ

ਪਿੰਗਲਵਾੜਾ ਸੰਸਥਾ ਸਮਾਜ ਵੱਲੋਂ ਦੁਰਕਾਰੇ/ਤ੍ਰਿਸਕਾਰੇ, ਅਪੰਗ, ਲੂਲ੍ਹੇ-ਲੰਗੜੇ ਅਪਾਹਿਜਾਂ, ਅਨਾਥਾਂ ਅਤੇ ਲਾਵਾਰਸਾਂ ਦਾ ਘਰ ਹੈ । ਇਸ ਸੰਸਥਾ ਦੀ ਨੀਂਹ ਮਹਾਨ ਕਰਮਯੋਗੀ ਭਗਤ ਪੂਰਨ ਸਿੰਘ ਜੀ ਨੇ ਸੰਨ 1947 ਵਿੱਚ ਰੱਖੀ ਸੀ। ਉਸ ਵੇਲੇ ਭਗਤ ਜੀ ਕੋਲ ਮਰੀਜ਼ਾਂ ਦੀ ਸੇਵਾ ਵਾਸਤੇ ਨਾ ਕੋਈ ਸੇਵਾਦਾਰ ਸੀ, ਨਾ ਕੋਈ ਰਹਿਣ ਲਈ ਸਹੀ ਇਮਾਰਤ ਸੀ ਅਤੇ ਨਾ ਹੀ ਮਰੀਜ਼ਾਂ ਦੇ ਖਾਣ-ਪੀਣ ਤੇ ਦਵਾਈ ਬੂਟੀ ਕਰਨ ਲਈ ਕਿਸੇ ਤਰ੍ਹਾਂ ਦੀ ਆਰਥਿਕ ਵਿਵਸਥਾ ਹੀ ਸੀ। ਭਗਤ ਪੂਰਨ ਸਿੰਘ ਜੀ ਇਕੱਲੇ ਹੀ ਇਸ ਸੇਵਾ ਦੇ ਕਠਿਨ ਰਾਹ 'ਤੇ ਚੱਲ ਪਏ, ਲੋਕ ਨਾਲ ਜੁੜਦੇ ਗਏ ਅਤੇ ਕਾਰਵਾਂ ਬਣਦਾ ਗਿਆ । ਉਨ੍ਹਾਂ ਦੇ ਕਦਮ ਚਿੰਨ੍ਹਾਂ 'ਤੇ ਚੱਲਦੇ ਹੋਏ ਅੱਜ ਉਨ੍ਹਾਂ ਦੀ ਸੁਯੋਗ ਉਤਰਾਧਿਕਾਰੀ ਡਾ: ਇੰਦਰਜੀਤ ਕੌਰ ਅਤੇ ਪਿੰਗਲਵਾੜਾ ਟਰਸਟ ਦੇ ਮੈਂਬਰਾਂ ਦੀ ਮਿਹਨਤ, ਲਗਨ ਅਤੇ ਦਿਸ਼ਾ ਨਿਰਦੇਸ਼ ਅਧੀਨ ਪਿੰਗਲਵਾੜਾ ਸੰਸਥਾ ਭਾਰਤ ਵਿੱਚ ਹੀ ਨਹੀਂ ਸਗੋਂ ਦੇਸਾਂ-ਵਿਦੇਸ਼ਾਂ ਵਿੱਚ ਵੀ ਇਕ ਗੌਰਵਪੂਰਣ ਸੰਸਥਾ ਦੇ ਰੂਪ ਵਿੱਚ ਉੱਭਰ ਕੇ ਸਾਹਮਣੇ ਆਈ ਹੈ ।

## ਪਿੰਗਲਵਾੜਾ ਇਕ ਨਜ਼ਰ ...

**ਨਿਵਾਸ ਅਤੇ ਸੰਭਾਲ** :-1807 ਤੋਂ ਵੱਧ ਨਿਵਾਸੀਆਂ ਲਈ ਰਹਿਣ ਦਾ ਪ੍ਰਬੰਧ ਅਤੇ ਬਜ਼ੁਰਗਾਂ ਵਾਸਤੇ ਆਪਣਾ ਘਰ ।

**ਇਲਾਜ ਅਤੇ ਸਹੂਲਤਾਂ** :- *ਦਵਾਈਆਂ, *ਮੈਡੀਕਲ ਲੈਬਾਰਟਰੀ, *ਓਪਰੇਸ਼ਨ ਥਿਏਟਰ, *ਮੁੜ ਵਸੇਬਾ ਕੇਂਦਰ, *ਐਂਬੂਲੈਂਸ, *ਮਸਨੂਈ ਅੰਗ ਕੇਂਦਰ, *ਫਿਜ਼ਿਓਥਰੈਪੀ ਸੈਂਟਰ, *ਡੈਂਟਲ ਕਲੀਨਿਕ, *ਅਲਟਰਾ-ਸਾਊਂਡ ਸੈਂਟਰ, *ਅੱਖਾਂ ਦਾ ਕਲੀਨਿਕ, *ਮੰਦ-ਬੁੱਧੀ ਬੱਚਿਆਂ ਲਈ ਸੰਵੇਦੀ-ਕੇਂਦਰ,

*ਭਗਤ ਪੂਰਨ ਸਿੰਘ ਮੁੱਢਲਾ ਕੰਨ ਸੁਣਵਾਈ ਜਾਂਚ ਅਤੇ ਪੁਰਨਵਾਸ ਕੇਂਦਰ, *ਕੰਨਾਂ ਦੇ Cochlear Implant ਵਾਸਤੇ ਸਪੈਸ਼ਲ ਓਪਰੇਸ਼ਨ ਥਿਏਟਰ *ਆਪਣਾ ਘਰ, * ਖੇਡਾਂ ਦੇ ਕਮਰੇ ।

**ਜਾਗਰੂਕਤਾ** :-* ਪ੍ਰਿੰਟਿੰਗ ਪ੍ਰੈਸ, * ਲਾਇਬ੍ਰੇਰੀ, * ਕਿਤਾਬਚੇ ਅਤੇ ਇਸ਼ਤਿਹਾਰ, * ਸੈਮੀਨਾਰ ਅਤੇ ਵਰਕਸ਼ਾਪ ।

**ਵਾਤਾਵਰਨ** : -*ਨਰਸਰੀ, *ਪਾਣੀ ਸਾਫ਼ ਕਰਨ ਵਾਲਾ ਪਲਾਂਟ, *ਦਰੱਖਤ ਲਗਾਉਣਾ, *ਕੁਦਰਤੀ ਖੇਤੀ, *ਜਾਗਰੂਕਤਾ ਮੁਹਿੰਮਾਂ ।

## ਮੁਫ਼ਤ ਵਿਦਿਅਕ ਸਹੂਲਤਾਂ:

* ਭਗਤ ਪੂਰਨ ਸਿੰਘ ਆਦਰਸ਼ ਸੀਨੀ. ਸੈਕੰ: ਸਕੂਲ, ਮਾਨਾਂਵਾਲਾ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਕਿੱਤਾ ਸਿਖਲਾਈ ਕੇਂਦਰ, ਮਾਨਾਂਵਾਲਾ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਮਾਨਾਂਵਾਲਾ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, ਮਾਨਾਂਵਾਲਾ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਇੰਸਟੀਚਿਊਟ ਫਾਰ ਸਪੈਸ਼ਲ ਨੀਡਜ਼, ਮਾਨਾਂਵਾਲਾ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਅਟਾਰੀ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਆਦਰਸ਼ ਸਕੂਲ, ਬੁੱਟਰ ਕਲਾਂ ਕਾਦੀਆਂ, ਗੁਰਦਾਸਪੁਰ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਬੁੱਟਰ ਕਲਾਂ ਕਾਦੀਆਂ, ਗੁਰਦਾਸਪੁਰ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਕਟੌਰਾ, ਫਿਰੋਜ਼ਪੁਰ।



* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਸਰਹਾਲੀ, ਤਰਨ ਤਾਰਨ ।
* ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, (ਪਲਸੋਰਾ) ਚੰਡੀਗੜ੍ਹ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਪਿੰਡ ਕੱਕੋਂ, ਹੁਸ਼ਿਆਰਪੁਰ।

## ਨਿਵਾਸ ਅਤੇ ਸੰਭਾਲ :

ਪਿੰਗਲਵਾੜਾ ਸੰਸਥਾ ਦੀਆਂ 7 ਅਲੱਗ ਅਲੱਗ ਬ੍ਰਾਂਚਾਂ ਵਿਖੇ *1807 ਤੋਂ ਵੱਧ ਵੱਖ-ਵੱਖ ਬਿਮਾਰੀਆਂ ਨਾਲ ਗ੍ਰਸਤ ਮਰੀਜ਼ਾਂ ਦੇ ਰਹਿਣ ਲਈ ਸੁਚੱਜਾ ਪ੍ਰਬੰਧ ਹੈ। ਸਮੂਹ ਬ੍ਰਾਂਚਾਂ ਵਿੱਚ ਮੌਜੂਦਾ ਰੋਗੀਆਂ ਦੀ ਗਿਣਤੀ :

| ਬਿਮਾਰੀ ਨਾਲ ਗ੍ਰਸਤ | ਗਿਣਤੀ | ਬਿਮਾਰੀ ਨਾਲ ਗ੍ਰਸਤ | ਗਿਣਤੀ |
|---|---|---|---|
| ਮਾਨਸਿਕ ਰੋਗੀ | -365 | ਏਡਜ਼ ਵਾਲੇ | -19 |
| ਅਧਰੰਗ/ ਪੋਲੀਏ ਵਾਲੇ | -159 | ਮਿਰਗੀ ਵਾਲੇ | -198 |
| ਮੰਦ-ਬੁੱਧੀ ਵਾਲੇ | -454 | ਸ਼ੂਗਰ ਵਾਲੇ | -85 |
| ਗੂੰਗੇ ਬੋਲੇ | -168 | ਕੈਂਸਰ ਵਾਲੇ | -01 |
| ਬਜ਼ੁਰਗ | -143 | ਸਕੂਲ ਜਾਣ ਵਾਲੇ ਬੱਚੇ | -88 |
| ਜ਼ਖ਼ਮਾਂ ਵਾਲੇ | -30 | ਲਾਵਾਰਸ ਬੱਚੇ | -03 |
| ਟੀ.ਬੀ. ਵਾਲੇ | -20 | ਠੀਕ ਹੋ ਚੁੱਕੇ ਰੋਗੀ | -31 |
| ਨੇਤਰਹੀਣ | -43 | | |
| **31 ਮਾਰਚ 2019 ਤਕ ਕੁੱਲ ਗਿਣਤੀ** | | | **1807** |

*ਮਰੀਜ਼ਾਂ ਦੀ ਗਿਣਤੀ ਵਿੱਚ ਹਰ ਸਾਲ ਨਿਰੰਤਰ ਵਾਧਾ ਹੁੰਦਾ ਰਹਿੰਦਾ ਹੈ ਅਤੇ ਇਲਾਜ ਉਪਰੰਤ ਠੀਕ ਹੋਏ ਮਰੀਜ਼ ਕਾਫ਼ੀ ਗਿਣਤੀ ਵਿੱਚ ਘਰਾਂ ਨੂੰ ਭੇਜ ਦਿੱਤੇ ਗਏ/ਜਾਂਦੇ ਹਨ ।

**ਬ੍ਰਾਂਚਾਂ ਦਾ ਵੇਰਵਾ :**

| ਬ੍ਰਾਂਚ | ਮਰੀਜ਼ |
|---|---|
| 1. ਮੁੱਖ ਬ੍ਰਾਂਚ ਅੰਮ੍ਰਿਤਸਰ (ਬੱਚਾ ਵਾਰਡ, ਮਾਤਾ ਮਹਿਤਾਬ ਕੌਰ ਵਾਰਡ, ਭਾਈ ਪਿਆਰਾ ਸਿੰਘ ਵਾਰਡ ) | 343 |
| 2. ਮਾਨਾਂਵਾਲਾ ਕੰਪਲੈਕਸ | 881 |
| 3. ਪੰਡੋਰੀ ਵੜੈਚ ਸ਼ਾਖਾ | 109 |
| 4. ਗੋਇੰਦਵਾਲ ਸ਼ਾਖਾ | 97 |
| 5. ਜਲੰਧਰ ਸ਼ਾਖਾ | 41 |
| 6. ਸੰਗਰੂਰ ਸ਼ਾਖਾ | 217 |
| 7. ਪਲਸੋਰਾ ਸ਼ਾਖਾ ਚੰਡੀਗੜ੍ਹ | 119 |
| **ਕੁੱਲ ਮਰੀਜ਼** | **1807** |

## ਇਲਾਜ ਅਤੇ ਸਹੂਲਤਾਂ :

**(ੳ) ਡਿਸਪੈਂਸਰੀ ਅਤੇ ਲੈਬਾਰਟਰੀ ਦੀਆਂ ਸੁਵਿਧਾਵਾਂ**:- ਰੋਗੀਆਂ ਦੇ ਇਲਾਜ ਲਈ ਪਿੰਗਲਵਾੜਾ ਵਿਖੇ ਇਕ ਮੈਡੀਕਲ ਲੈਬਾਰਟਰੀ ਅਤੇ ਡਿਸਪੈਂਸਰੀ ਦੀ ਸੁਵਿਧਾ ਹੈ ਜਿਸ ਦਾ ਖ਼ਰਚ 90 ਲੱਖ ਰੁਪਏ ਸਾਲਾਨਾ ਹੈ।

**(ਅ) ਸਹਾਇਕ ਸਟਾਫ਼** :- ਮਾਨਸਿਕ ਰੋਗੀਆਂ ਦੀ ਸੇਵਾ-ਸੰਭਾਲ ਲਈ ਨਰਸਾਂ, ਲੈਬਾਰਟਰੀ ਟੈਕਨੀਸ਼ਨ, ਅਤੇ ਫਾਰਮਾਸਿਸਟ ਦੀਆਂ ਸੇਵਾਵਾਂ ਦਾ ਪ੍ਰਬੰਧ ਹੈ।

**(ੲ) ਅਲਟਰਾ ਸਾਊਂਡ ਕੇਂਦਰ**:- ਪਿੰਗਲਵਾੜਾ ਦੇ ਮਰੀਜ਼ਾਂ ਅਤੇ ਸੇਵਾਦਾਰਾਂ ਦੇ ਰੋਗਾਂ ਦੀ ਜਾਂਚ ਲਈ ਸੰਨ 2009 ਵਿੱਚ ਅਲਟਰਾ ਸਾਊਂਡ ਕੇਂਦਰ ਦੀ ਸਥਾਪਨਾ ਕੀਤੀ ਗਈ ।



**(ਸ) ਖ਼ੂਨਦਾਨ ਕੈਂਪ** :- ਦੁਰਘਟਨਾ ਗ੍ਰਸਤ ਜ਼ਖ਼ਮੀਆਂ ਦੀ ਸਹਾਇਤਾ ਲਈ ਅਤੇ ਸੰਸਥਾ ਦੇ ਮਰੀਜ਼ਾਂ ਲਈ ਖ਼ੂਨ ਦੀ ਕਮੀ ਨੂੰ ਪੂਰਾ ਕਰਨ ਲਈ ਹਰ ਵਰ੍ਹੇ ਭਗਤ ਜੀ ਦੀ ਬਰਸੀ 'ਤੇ ਖ਼ੂਨਦਾਨ ਕੈਂਪ ਲਗਾਇਆ ਜਾਂਦਾ ਹੈ। ਇਹ ਖ਼ੂਨ ਸੰਸਥਾ ਦੇ ਰੋਗੀਆਂ ਲਈ ਵਰਤਿਆ ਜਾਂਦਾ ਹੈ।

**(ਹ) ਬਣਾਵਟੀ ਅੰਗ ਕੇਂਦਰ** :- ਜ਼ਰੂਰਤਮੰਦ ਅੰਗਹੀਣਾਂ ਲਈ ਭਗਤ ਪੂਰਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਇਕ ਬਣਾਵਟੀ ਅੰਗ ਕੇਂਦਰ ਸਥਾਪਿਤ ਕੀਤਾ ਗਿਆ ਹੈ, ਜਿੱਥੇ ਬਣਾਵਟੀ ਅੰਗ (ਜਿਵੇਂ ਲੱਤਾਂ ਤੇ ਬਾਹਵਾਂ) ਮੁਫ਼ਤ ਲਗਾਏ ਜਾਂਦੇ ਹਨ। ਨਵੰਬਰ 2003 ਤੋਂ ਹੁਣ ਤਕ 12411 ਲੋੜਵੰਦ ਲਾਭ ਉੱਠਾ ਚੁੱਕੇ ਹਨ ।

**(ਕ) ਐਂਬੂਲੈਂਸਾਂ** :- ਮੁੱਢਲੀਆਂ ਡਾਕਟਰੀ ਸਹੂਲਤਾਂ ਨਾਲ ਲੈਸ ਐਂਬੂਲੈਂਸਾਂ ਸੜਕ ਦੁਰਘਟਨਾਵਾਂ ਦੇ ਪੀੜਿਤਾਂ ਦੀ ਸਹਾਇਤਾ ਲਈ ਹਮੇਸ਼ਾਂ ਉਪਲਭਦ ਰਹਿੰਦੀਆਂ ਹਨ। ਇਹ ਐਂਬੂਲੈਂਸਾਂ ਪਿੰਗਲਵਾੜੇ ਦੇ ਰੋਗੀਆਂ ਨੂੰ ਹਸਪਤਾਲ ਲਿਜਾਣ ਲਈ ਵੀ ਤਿਆਰ ਰਹਿੰਦੀਆਂ ਹਨ ।

**(ਖ) ਭਗਤ ਪੂਰਨ ਸਿੰਘ ਮੁੱਢਲਾ ਬਹਿਰਾਪਣ ਜਾਂਚ ਕੇਂਦਰ** :- ਨਵ-ਜਨਮੇ ਅਤੇ ਵੱਡੇ ਬੱਚਿਆਂ ਦੇ ਕੰਨਾਂ ਦਾ ਮੁੱਢਲਾ ਬਹਿਰਾਪਣ ਜਾਂਚ ਕਲੀਨਿਕ ਕੇਂਦਰ ਮਾਨਾਂਵਾਲਾ ਕੰਪਲੈਕਸ ਵਿੱਚ ਸਥਾਪਿਤ ਕੀਤਾ ਗਿਆ ਹੈ। ਇਸ ਵਿੱਚ ਬੱਚਿਆਂ ਦਾ ਸੁਣਨ ਦਾ ਟੈਸਟ (Bera Test) ਵੀ ਬਿਨਾਂ ਕਿਸੇ ਫ਼ੀਸ ਦੇ ਕੀਤਾ ਜਾਂਦਾ ਹੈ।

**(ਗ) ਸਪੈਸ਼ਲ ਓਪਰੇਸ਼ਨ ਥਿਏਟਰ** :- ਮਾਨਾਂਵਾਲਾ ਕੰਪਲੈਕਸ ਵਿੱਚ ਇਕ ਆਧੁਨਿਕ ਓਪਰੇਸ਼ਨ ਥਿਏਟਰ ਸਥਾਪਿਤ ਕੀਤਾ ਗਿਆ ਹੈ, ਜਿਸ ਵਿੱਚ ਹੱਡੀਆਂ ਦੀ ਜਨਰਲ ਸਰਜਰੀ, ਕੰਨਾਂ ਦੀ ਸਰਜਰੀ ਅਤੇ Cochlear Implant ਕੀਤੇ ਜਾਂਦੇ ਹਨ, ਤਾਂ ਕਿ ਜਨਮ ਤੋਂ ਬਹਿਰੇ

ਬੱਚਿਆਂ ਨੂੰ ਸੁਣਨ ਲੱਗ ਪਏ ਤੇ ਇਸ ਉਪਰੰਤ ਉਨ੍ਹਾਂ ਦਾ ਗੂੰਗਾਪਣ ਦੂਰ ਹੋ ਸਕੇ।

**(ਘ) ਦੰਦਾਂ ਦਾ ਕਲੀਨਿਕ** :- ਮਰੀਜ਼ਾਂ ਦੇ ਦੰਦਾਂ ਦੀ ਸੰਭਾਲ ਅਤੇ ਇਲਾਜ ਲਈ ਦੰਦਾਂ ਦਾ ਕਲੀਨਿਕ ਵੀ ਸਥਾਪਿਤ ਕੀਤਾ ਗਿਆ ਹੈ।

**(ਙ) ਫਿਜ਼ਿਓਥਰੈਪੀ ਕੇਂਦਰ** :- ਸੰਨ 2005 ਤੋਂ ਮਾਨਾਂਵਾਲਾ ਕੰਪਲੈਕਸ ਵਿੱਚ ਫਿਜ਼ਿਓਥਰੈਪੀ ਕੇਂਦਰ ਸਥਾਪਿਤ ਕੀਤਾ ਗਿਆ ਹੈ, ਜਿਸ ਵਿੱਚ ਆਧੁਨਿਕ ਮਸ਼ੀਨਾਂ ਤੇ ਸਾਧਨਾਂ ਰਾਹੀਂ ਪਿੰਗਲਵਾੜੇ ਦੇ ਮਰੀਜ਼ ਅਤੇ ਗ਼ਰੀਬ ਜ਼ਰੂਰਤਮੰਦ ਮੁਫ਼ਤ ਲਾਭ ਲੈ ਰਹੇ ਹਨ। ਹਰ ਰੋਜ਼ ਤਕਰੀਬਨ 80 ਮਰੀਜ਼ਾਂ ਦੀ ਫਿਜ਼ਿਓਥਰੈਪੀ ਕੀਤੀ ਜਾਂਦੀ ਹੈ।

**(ਚ) ਮੰਦਬੁੱਧੀ ਬੱਚਿਆਂ ਲਈ ਸੰਵੇਦੀ-ਕੇਂਦਰ (Sensory Room)**:- ਮਾਨਾਂਵਾਲਾ ਕੰਪਲੈਕਸ ਵਿਖੇ ਮੰਦਬੁੱਧੀ ਬੱਚਿਆਂ ਦੇ ਸਹੀ ਵਿਕਾਸ ਲਈ ਇਕ ਆਧੁਨਿਕ Sensory Room ਸਥਾਪਿਤ ਕੀਤਾ ਗਿਆ ਹੈ।

**(ਛ) ਅੱਖਾਂ ਦਾ ਜਾਂਚ ਕੇਂਦਰ** :- ਪਿੰਗਲਵਾੜਾ ਦੇ ਨੇਤਰਹੀਣ ਜਾਂ ਲੋੜਵੰਦ ਗ਼ਰੀਬ ਵਿਅਕਤੀਆਂ ਲਈ ਅੱਖਾਂ ਦਾ ਜਾਂਚ ਕੇਂਦਰ ਸਥਾਪਿਤ ਕੀਤਾ ਗਿਆ ਹੈ।

**(ਜ) ਪੁਨਰਵਾਸ ਕੇਂਦਰ** :- ਮਰੀਜ਼ਾਂ ਦੇ ਠੀਕ ਹੋਣ ਉਪਰੰਤ ਉਨ੍ਹਾਂ ਦੇ ਮੁੜ ਵਸੇਬੇ (Rehabilitation) ਲਈ ਕੇਂਦਰ ਹੈ।

**(ਝ) ਯੋਗ ਲੜਕੇ ਲੜਕੀਆਂ ਦੀਆਂ ਸ਼ਾਦੀਆਂ ਤੇ ਮੁੜ ਵਸੇਬਾ** :- ਪਿੰਗਲਵਾੜੇ ਵਿਖੇ ਪਲ ਕੇ ਜੁਆਨ ਹੋਏ ਲਾਵਾਰਸ ਲੜਕੇ ਲੜਕੀਆਂ ਦੀਆਂ ਸ਼ਾਦੀਆਂ ਅਤੇ ਉਨ੍ਹਾਂ ਨੂੰ ਕਮਾਉਣ ਜੋਗੇ ਬਣਾ ਕੇ ਆਪਣੇ ਪੈਰਾਂ 'ਤੇ ਖੜ੍ਹਾ ਕੀਤਾ ਜਾਂਦਾ ਹੈ ਤਾਂ ਕਿ ਪਿੰਗਲਵਾੜੇ ਤੋਂ ਬਾਹਰ ਜਾ ਕੇ ਜੇ ਉਹ



ਆਮ ਸਮਾਜ ਵਿੱਚ ਵਿਚਰਨ ਤਾਂ ਉਹ ਆਮ ਨਾਗਰਿਕਾਂ ਵਾਲਾ ਜੀਵਨ ਜਿਊਣ ਦੇ ਕਾਬਲ ਹੋਣ।

## ਮੁਫ਼ਤ ਵਿਦਿਅਕ ਅਤੇ ਕਿੱਤਾ ਸਿਖਲਾਈ ਸੁਵਿਧਾਵਾਂ :-

**(ੳ) ਭਗਤ ਪੂਰਨ ਸਿੰਘ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ** :- ਇੱਥੇ ਗ਼ਰੀਬ ਅਤੇ ਆਸ-ਪਾਸ ਦੇ ਪਿੰਡਾਂ ਦੇ ਲੋੜਵੰਦ ਅਤੇ ਝੁੱਗੀ-ਝੌਂਪੜੀ ਵਾਲੇ 768 ਬੱਚਿਆਂ ਨੂੰ ਸਿੱਖਿਆ, ਸਟੇਸ਼ਨਰੀ, ਸਕੂਲ ਦੀ ਵਰਦੀ ਆਦਿ ਮੁਫ਼ਤ ਦਿੱਤੀ ਜਾਂਦੀ ਹੈ। ਸੰਸਥਾ ਦੀ ਇਹ ਸੁਹਿਰਦ ਸੋਚ ਹੈ ਕਿ ਇਹ ਬੱਚੇ ਆਪਣੇ ਆਪ ਨੂੰ ਹੀਣੇ ਨਾ ਸਮਝਣ ਅਤੇ ਇਕ ਅੱਛਾ ਨਾਗਰਿਕ ਬਣਕੇ ਸਮਾਜ ਵਿੱਚ ਵਿਚਰਣ । ਇਨ੍ਹਾਂ ਬੱਚਿਆਂ ਵਿੱਚੋਂ 92 ਬੱਚੇ ਪਿੰਗਲਵਾੜਾ ਸੰਸਥਾ ਵਿੱਚ ਪਲੇ ਹਨ ।

**(ਅ) ਕਿੱਤਾ ਸਿਖਲਾਈ ਕੇਂਦਰ** :- ਬੱਚਿਆਂ ਦੇ ਸੁਨਹਿਰੀ ਭਵਿੱਖ ਲਈ ਸਿਲਾਈ ਕੇਂਦਰ, ਕਢਾਈ ਕੇਂਦਰ, ਮੋਮਬੱਤੀਆਂ ਬਣਾਉਣਾ, ਕੁਰਸੀਆਂ ਬੁਣਨਾ ਸਿਖਾਉਣਾ, ਯੋਗ ਅਧਿਆਪਕਾਂ ਦੁਆਰਾ ਚੱਲ ਰਹੇ ਹਨ। ਇਹ ਸਿਖਲਾਈ ਕੋਰਸ 6 ਮਹੀਨੇ ਦਾ ਹੁੰਦਾ ਹੈ। ਇਹ ਕੇਂਦਰ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਸਥਿਤ ਹੈ। ਮਾਨਾਂਵਾਲਾ ਦੇ ਆਸ-ਪਾਸ ਦੀਆਂ ਗ਼ਰੀਬ ਬੱਚੀਆਂ ਲਈ ਇਹ ਪ੍ਰਬੰਧ ਹੈ।

**(ੲ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ, ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ** :- ਇਹ ਸਕੂਲ 2005 ਤੋਂ ਚੱਲ ਰਿਹਾ ਹੈ, ਜਿਸ ਵਿੱਚ 185 ਬੱਚੇ ਆਧੁਨਿਕ ਉਪਕਰਣਾਂ ਰਾਹੀਂ ਸਿੱਖਿਆ ਪ੍ਰਾਪਤ ਕਰ ਰਹੇ ਹਨ।

**(ਸ) ਭਗਤ ਪੂਰਨ ਸਿੰਘ ਸਪੈਸ਼ਲ ਐਜੂਕੇਸ਼ਨ ਸਕੂਲ, ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ** :-ਪਿੰਗਲਵਾੜਾ ਦੇ 225 ਮੰਦਬੁੱਧੀ ਬੱਚਿਆਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕਰਨ ਹਿੱਤ ਇਸ ਸਕੂਲ ਦੀ ਸਥਾਪਨਾ ਕੀਤੀ ਗਈ ਹੈ। ਸਪੈਸ਼ਲ ਵਿਧੀਆਂ ਤੇ ਉਪਕਰਣਾਂ ਰਾਹੀਂ ਇਨ੍ਹਾਂ ਬੱਚਿਆਂ ਨੂੰ ਟ੍ਰੇਨਿੰਗ ਦਿੱਤੀ ਜਾਂਦੀ ਹੈ।

(ਹ) RCI ਦੇ ਅਧੀਨ

**ਭਗਤ ਪੂਰਨ ਸਿੰਘ ਇੰਸਟੀਚਿਊਟ ਫਾਰ ਸਪੈਸ਼ਲ ਨੀਡਜ਼:**

(i) Diploma Special Education (Hearing Impairment) 25 ਸੀਟਾਂ ।

(ii) Diploma Special Education (Mental Retardation) 25 ਸੀਟਾਂ ।

**(ਕ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਅਟਾਰੀ, ਅੰਮ੍ਰਿਤਸਰ**:- ਇਸ ਵਿੱਚ 13 ਬੱਚੇ ਸਿੱਖਿਆ ਲੈ ਰਹੇ ਹਨ ।

**(ਖ) ਭਗਤ ਪੂਰਨ ਸਿੰਘ ਆਦਰਸ਼ ਸਕੂਲ, ਬੁੱਟਰਕਲਾਂ, (ਕਾਦੀਆਂ) ਜ਼ਿਲ੍ਹਾ ਗੁਰਦਾਸਪੁਰ** :- ਇਹ ਸਕੂਲ ਵੀ ਭਗਤ ਪੂਰਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਹੈ। ਇੱਥੇ ਵੀ ਸੁਯੋਗ, ਸਮਰਪਿਤ ਅਤੇ ਅਨੁਭਵੀ ਅਧਿਆਪਕਾਂ ਦੀ ਛਤਰ-ਛਾਇਆ ਹੇਠ 437 ਬੱਚੇ ਮੁਫ਼ਤ ਵਿਦਿਆ ਪ੍ਰਾਪਤ ਕਰ ਰਹੇ ਹਨ।

**(ਗ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਬੁੱਟਰ ਕਲਾਂ ਕਾਦੀਆਂ ਗੁਰਦਾਸਪੁਰ**:- ਇਸ ਵਿੱਚ 11 ਬੱਚੇ ਸਿੱਖਿਆ ਲੈ ਰਹੇ ਹਨ ।

**(ਘ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ, ਕਟੌਰਾ,**



**ਫਿਰੋਜ਼ਪੁਰ** :- ਇਹ ਸਕੂਲ ਸਾਲ 2016 ਤੋਂ ਚਲ ਰਿਹਾ ਹੈ ਜਿਸ ਵਿੱਚ 17 ਬੱਚੇ ਸਿੱਖਿਆ ਲੈ ਰਹੇ ਹਨ ।

**(ਙ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਸਰਹਾਲੀ, ਤਰਨ ਤਾਰਨ**:- ਇਸ ਵਿੱਚ 11 ਬੱਚੇ ਸਿੱਖਿਆ ਲੈ ਰਹੇ ਹਨ ।

**(ਚ) ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, ਪਲਸੋਰਾ, (ਚੰਡੀਗੜ੍ਹ)** :- ਇੱਥੇ 35 ਮੰਦਬੁੱਧੀ ਬੱਚਿਆਂ ਨੂੰ ਵਿਸ਼ੇਸ਼ ਵਿਧੀਆਂ ਤੇ ਉਪਕਰਣਾਂ ਰਾਹੀਂ ਸਿੱਖਿਅਤ ਕਰਕੇ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਯੋਗ ਬਣਾਉਣ ਦਾ ਉਪਰਾਲਾ ਕੀਤਾ ਜਾਂਦਾ ਹੈ।

**(ਛ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਪਿੰਡ ਕੱਕੋਂ ਹੁਸ਼ਿਆਰਪੁਰ**:- ਇਸ ਵਿੱਚ 9 ਬੱਚੇ ਸਿੱਖਿਆ ਲੈ ਰਹੇ ਹਨ ।

**(ਜ) ਕੰਪਿਊਟਰ ਸਿੱਖਿਆ** :- ਸੂਚਨਾ ਅਤੇ ਟੈਕਨੌਲੋਜੀ ਦੇ ਵਿਸਥਾਰ ਨੂੰ ਦੇਖਦੇ ਹੋਏ ਅਤੇ ਆਧੁਨਿਕ ਭਾਰਤ ਦੀ ਲੋੜ ਅਨੁਸਾਰ ਸਕੂਲ ਦੇ ਬੱਚਿਆਂ ਲਈ ਪਿੰਗਲਵਾੜਾ ਮਾਨਾਂਵਾਲਾ ਕੰਪਲੈਕਸ ਵਿਖੇ ਕੰਪਿਊਟਰ ਸਿੱਖਿਆ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।

**(ਝ) ਹੋਸਟਲ ਦਾ ਪ੍ਰਬੰਧ** :- ਪਿੰਗਲਵਾੜਾ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਪੜ੍ਹਨ ਵਾਲੇ ਲਗਭਗ 176 ਲੜਕੇ ਲੜਕੀਆਂ ਲਈ ਵੱਖਰੇ-ਵੱਖਰੇ ਹੋਸਟਲਾਂ ਦਾ ਪ੍ਰਬੰਧ ਕੀਤਾ ਗਿਆ ਹੈ।

**ਵਾਤਾਵਰਣ ਜਾਗਰੂਕਤਾ** :-

ਭਗਤ ਪੂਰਨ ਸਿੰਘ ਜੀ ਵਾਤਾਵਰਣ ਦੀ ਸੰਭਾਲ ਲਈ ਬਹੁਤ ਚਿੰਤਤ ਰਹਿੰਦੇ ਸਨ। ਇਸ ਲਈ, ਧਰਤੀ ਨੂੰ ਮਾਰੂਥਲ ਬਣਨ ਤੋਂ ਰੋਕਣ ਲਈ ਅਤੇ ਮਿੱਟੀ ਖੁਰਨ (Soil Erosion) ਤੋਂ ਬਚਾਉਣ ਲਈ

ਪਿੰਗਲਵਾੜਾ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਹਰ ਸਾਲ ਭਗਤ ਜੀ ਦੀ ਬਰਸੀ (5 ਅਗਸਤ) ਦੇ ਮੌਕੇ 'ਤੇ ਸੰਸਥਾ ਦੇ ਸੇਵਾਦਾਰਾਂ ਵੱਲੋਂ ਰੁੱਖ ਲਾਉਣ ਦੀ ਮੁਹਿੰਮ ਚਲਾਈ ਜਾਂਦੀ ਹੈ। ਇਹ ਰੁੱਖ ਸਕੂਲਾਂ, ਕਾਲਜਾਂ, ਸ਼ਮਸ਼ਾਨ ਘਾਟਾਂ ਅਤੇ ਜਨਤਕ ਸਥਾਨਾਂ 'ਤੇ ਲਗਾਏ ਜਾਂਦੇ ਹਨ।

**(ੳ) ਨਰਸਰੀ** :- ਪਿੰਗਲਵਾੜੇ ਵੱਲੋਂ ਇਕ ਨਰਸਰੀ ਤਿਆਰ ਕੀਤੀ ਗਈ ਹੈ ਜਿਸ ਵਿੱਚ ਹਰ ਸਾਲ ਲਗਪਗ 60,000 ਪੌਦੇ ਤਿਆਰ ਕੀਤੇ ਜਾਂਦੇ ਹਨ ਅਤੇ ਵੱਖ-ਵੱਖ ਸੰਸਥਾਵਾਂ ਨੂੰ ਮੁਫ਼ਤ ਵੰਡੇ ਜਾਂਦੇ ਹਨ।

**(ਅ) ਕੁਦਰਤੀ ਖੇਤੀ** :- ਜ਼ਹਿਰ ਮੁਕਤ ਫ਼ਸਲਾਂ ਤੇ ਸਬਜ਼ੀਆਂ ਪੈਦਾ ਕਰਨ ਲਈ ਪਿੰਗਲਵਾੜੇ ਵੱਲੋਂ ਕੁਦਰਤੀ ਖੇਤੀ ਦਾ ਫਾਰਮ ਤਿਆਰ ਕੀਤਾ ਗਿਆ ਹੈ। ਇੱਥੇ ਕਣਕ, ਛੋਲੇ, ਗੰਨੇ ਤੋਂ ਇਲਾਵਾ ਹਰ ਪ੍ਰਕਾਰ ਦੀਆਂ ਮੌਸਮੀ ਸਬਜ਼ੀਆਂ ਬੀਜੀਆਂ ਜਾਂਦੀਆਂ ਹਨ ਜੋ ਕਿ ਪਿੰਗਲਵਾੜੇ ਦੇ ਨਿਵਾਸੀਆਂ ਲਈ ਵਰਤੀਆਂ ਜਾਂਦੀਆਂ ਹਨ।

**(ੲ) ਜਾਗਰੂਕਤਾ ਮੁਹਿੰਮ** :- ਇਸ ਮੁਹਿੰਮ ਅਧੀਨ ਵਾਤਾਵਰਣ ਜਾਗਰੂਕਤਾ ਲਈ ਸੈਮੀਨਾਰਾਂ ਤੇ ਵਰਕਸ਼ਾਪਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ।

**(ਸ) ਪਾਣੀ ਸ਼ੁੱਧੀਕਰਣ ਪਲਾਂਟ**:- ਇਸ ਉਪਕਰਣ ਰਾਹੀਂ ਪਾਣੀ ਸਾਫ਼ ਕਰਕੇ ਪੀਣ ਵਾਲੇ ਤੇ ਰਸੋਈ ਵਿੱਚ ਵਰਤੇ ਜਾਣ ਵਾਲੇ ਪਾਣੀ ਦੀ ਸੁਵਿਧਾ ਪੈਦਾ ਕੀਤੀ ਗਈ ਹੈ। ਇਹ ਪਲਾਂਟ ਮਾਨਾਂਵਾਲਾ ਕੰਪਲੈਕਸ ਵਿੱਚ ਹੈ।

(ਹ) ਮੀਂਹ ਦੇ ਪਾਣੀ ਨੂੰ ਧਰਤੀ ਵਿੱਚ ਭੇਜਣਾ (Water Harvesting)

(ਕ) ਸੋਲਰ ਪਾਵਰ ਊਰਜਾ

**ਪੂਰਨ ਪ੍ਰਿੰਟਿੰਗ ਪ੍ਰੈਸ** :- ਇਹ ਛਾਪਾਖ਼ਾਨਾ ਜੋ ਕਿ ਮਾਨਾਂਵਾਲਾ ਕੰਪਲੈਕਸ ਵਿਖੇ ਸਥਿਤ ਹੈ, ਦੁਆਰਾ ਸਮਾਜਿਕ ਬੁਰਾਈਆਂ ਦੇ ਬਾਰੇ ਲੋਕਾਂ ਵਿੱਚ



ਜਾਗਰੂਕਤਾ ਪੈਦਾ ਕਰਨ ਲਈ ਸਾਹਿਤ ਛਾਪਿਆ ਜਾਂਦਾ ਹੈ। ਇੱਥੋਂ ਹਰ ਪ੍ਰਕਾਰ ਦਾ ਧਾਰਮਿਕ, ਸਮਾਜਿਕ, ਆਰਥਿਕ, ਸੱਭਿਆਚਾਰਕ ਅਤੇ ਸਿਹਤ ਸੰਬੰਧੀ ਸਾਹਿਤ ਛਾਪ ਕੇ ਜਨਸਾਧਾਰਣ ਵਿੱਚ ਭਗਤ ਜੀ ਦੇ ਵੇਲੇ ਤੋਂ ਵੰਡਿਆ ਜਾ ਰਿਹਾ ਹੈ। ਹਰ ਤਰ੍ਹਾਂ ਦੀ ਸਮਾਜਿਕ ਚੇਤਨਾ ਪੈਦਾ ਕਰਨ ਵਾਲੇ ਕਿਤਾਬਚੇ, ਕਿਤਾਬਾਂ, ਜੀਵਨੀਆਂ ਅਤੇ ਇਸ਼ਤਿਹਾਰ ਇਸ ਪ੍ਰੈਸ ਰਾਹੀਂ ਲਗਾਤਾਰ ਛਾਪੇ ਜਾਂਦੇ ਹਨ। ਪਿੰਗਲਵਾੜੇ ਦੀ ਪੂਰਨ ਪ੍ਰਿੰਟਿੰਗ ਪ੍ਰੈਸ ਦਾ ਤੇ ਪਬਲਿਸਿਟੀ ਦਾ ਸਾਲਾਨਾ ਖਰਚਾ 1 ਕਰੋੜ 50 ਲੱਖ ਰੁਪਏ ਹੈ। ਦਾਨੀਆਂ ਦੇ ਸਹਿਯੋਗ ਨਾਲ ਚੱਲਦੇ ਇਸ ਪ੍ਰੈਸ ਦੀ ਸਮਾਜ ਨੂੰ ਬੜੀ ਵੱਡੀ ਦੇਣ ਹੈ।

**ਹੋਰ ਸਮਾਜ ਕਲਿਆਣ ਸੰਬੰਧੀ ਕਾਰਜ**:-

**(ੳ) ਕੁਦਰਤੀ ਆਫ਼ਤਾਂ ਤੋਂ ਪੀੜਿਤ ਲੋਕਾਂ ਦੀ ਸਹਾਇਤਾ** :- ਕੁਦਰਤੀ ਆਫ਼ਤਾਂ ਜਿਵੇਂ ਹੜ੍ਹ, ਭੂਚਾਲ, ਜਵਾਰ-ਭਾਟਾ, ਸੁਨਾਮੀ ਲਹਿਰਾਂ ਤੋਂ ਪ੍ਰਭਾਵਿਤ ਲੋਕਾਂ ਦੀ ਪਿੰਗਲਵਾੜਾ ਸੰਸਥਾ ਵੱਲੋਂ ਸਮੇਂ-ਸਮੇਂ 'ਤੇ ਹਰ ਸੰਭਵ ਸਹਾਇਤਾ ਕੀਤੀ ਜਾਂਦੀ ਹੈ। ਸੰਨ 2008 ਵਿੱਚ ਜੁਲਾਈ-ਅਗਸਤ ਵਿੱਚ ਪੰਜਾਬ ਵਿੱਚ ਜਲੰਧਰ ਅਤੇ ਕਪੂਰਥਲਾ ਜ਼ਿਲ੍ਹਿਆਂ ਦੇ ਹੜ੍ਹ-ਪੀੜਿਤ 800 ਪਰਿਵਾਰਾਂ ਨੂੰ ਰਾਸ਼ਨ, ਘਰੇਲੂ ਸਾਮਾਨ ਅਤੇ ਕੰਬਲ ਵੰਡੇ। ਅਗਸਤ 2010 ਵਿੱਚ ਬੱਦਲ ਫੱਟਣ ਨਾਲ ਲੇਹ-ਲਦਾਖ ਵਿੱਚ ਆਏ ਹੜ੍ਹ ਦੇ ਪੀੜਿਤਾਂ ਲਈ ਡਾ. ਇੰਦਰਜੀਤ ਕੌਰ ਜੀ ਦੀ ਅਗਵਾਈ ਵਿੱਚ ਦੋ ਟਰੱਕ ਰਾਹਤ ਸਮੱਗਰੀ-ਰਾਸ਼ਨ, ਕੰਬਲ ਅਤੇ ਊਨੀ ਕੱਪੜੇ ਦੂਰ-ਦੁਰਾਡੇ ਲੇਹ ਦੇ ਇਲਾਕਿਆਂ ਵਿੱਚ ਵੰਡੇ ਗਏ ।

**(ਅ) ਲਾਵਾਰਸ ਲਾਸ਼ਾਂ ਦਾ ਸਸਕਾਰ**:- ਪਿੰਗਲਵਾੜਾ ਵੱਲੋਂ ਲਾਵਾਰਸ ਲਾਸ਼ਾਂ ਦਾ ਅੰਤਮ ਸਸਕਾਰ ਪੂਰੇ ਸਤਿਕਾਰ ਨਾਲ ਕੀਤਾ ਜਾਂਦਾ ਹੈ।

**(ੲ) ਬਿਰਧਾਂ ਦੀ ਦੇਖਭਾਲ**:- ਪਿੰਗਲਵਾੜਾ ਦੀ ਸੰਗਰੂਰ ਸ਼ਾਖਾ ਵਿੱਚ ਇਕ ਬਿਰਧ ਘਰ 2002 ਤੋਂ ਚਲ ਰਿਹਾ ਹੈ ਤੇ ਇਕ ਬਿਰਧ ਘਰ ਮਾਨਾਂਵਾਲਾ ਬ੍ਰਾਂਚ ਅੰਮ੍ਰਿਤਸਰ ਵਿਖੇ ਬਣਾਇਆ ਗਿਆ ਹੈ, ਜਿਸ ਵਿੱਚ 92 ਬਿਰਧ ਰੱਖਣ ਦਾ ਤੇ ਸੇਵਾ-ਸੰਭਾਲ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।

**(ਸ) ਅਜਾਇਬ ਘਰ ਅਤੇ ਦਸਤਾਵੇਜ਼ੀ ਫ਼ਿਲਮਾਂ**:-ਕਠਿਨ ਮਾਰਗ ਦੇ ਪਾਂਧੀ ਭਗਤ ਪੂਰਨ ਸਿੰਘ ਜੀ ਦੀ ਜੀਵਨੀ 'ਤੇ ਅਧਾਰਤ ਤਸਵੀਰਾਂ ਦਾ ਇਕ ਸੰਗ੍ਰਹਿ ਅਜਾਇਬ ਘਰ ਦੇ ਰੂਪ ਵਿੱਚ ਪਿੰਗਲਵਾੜਾ ਸੰਸਥਾ ਦੀ ਮੁੱਖ-ਬ੍ਰਾਂਚ ਅੰਮ੍ਰਿਤਸਰ ਵਿਖੇ ਸਥਾਪਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਭਗਤ ਜੀ ਦੇ ਜੀਵਨ ਸੰਬੰਧੀ ਵੱਖ-ਵੱਖ ਬੁੱਧੀਜੀਵੀਆਂ ਦੁਆਰਾ ਦਸਤਾਵੇਜ਼ੀ ਫ਼ਿਲਮਾਂ ਤਿਆਰ ਕਰਵਾਈਆਂ ਗਈਆਂ ਹਨ; ਜਿਵੇਂ:

(i) ਇਕ ਮਿਸਾਲ (Pingalwara Presentation)

(ii) Pingalwara-Home for Homeless

(iii) Pingalwara-A selfless Home (Documentry by Gurmeet Sodhi a famous American Media personality)

(iv) ਪਿੰਗਲਵਾੜਾ ਦਸਤਾਵੇਜੀ ਫ਼ਿਲਮ 'ਸ਼ੁਭ ਕਰਮਨ' ।

(v) Pingalwara Educational Endeavours

(vi) ਕੁਦਰਤੀ ਖੇਤੀ (Natural Farming)

(vii) ਪਾਣੀ ਦੀ ਸਮੱਸਿਆ

(viii) ਦਰਖ਼ਤ

(ix) **ਏਹੁ ਜਨਮ ਤੁਮ੍ਹਾਰੇ ਲੇਖੇ (ਫ਼ਿਲਮ)**:-ਭਗਤ ਪੂਰਨ ਸਿੰਘ ਜੀ ਦੇ



ਸੰਘਰਸ਼ਮਈ ਜੀਵਨ 'ਤੇ ਅਧਾਰਤ ਇਕ ਪੰਜਾਬੀ ਫੀਚਰ ਫ਼ਿਲਮ "ਏਹੁ ਜਨਮ ਤੁਮ੍ਹਾਰੇ ਲੇਖੇ" ਪਿੰਗਲਵਾੜਾ ਸੰਸਥਾ ਦੁਆਰਾ ਬਣਾਈ ਗਈ ਜੋ 30 ਜਨਵਰੀ, 2015 ਨੂੰ ਦੇਸ਼ ਵਿਦੇਸ਼ ਵਿੱਚ ਪ੍ਰਦਰਸ਼ਿਤ ਹੋਈ। ਇਸ ਫ਼ਿਲਮ ਦੇ ਨਿਰਮਾਣ ਦਾ ਉਦੇਸ਼ ਭਗਤ ਜੀ ਦੁਆਰਾ ਦੁਖੀ ਤੇ ਬੇਸਹਾਰਾ ਮਾਨਵਤਾ ਲਈ ਕੀਤੇ ਗਏ ਕੰਮਾਂ ਤੋਂ ਜਾਣੂ ਕਰਵਾਉਣਾ ਸੀ, ਤਾਂ ਕਿ ਭਗਤ ਜੀ ਦਾ ਜੀਵਨ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾਸਰੋਤ ਬਣ ਸਕੇ।

**(x) ਪਿੰਗਲਵਾੜਾ ਦੇ ਬੱਚਿਆਂ ਦੁਆਰਾ ਗੁਰਬਾਣੀ ਕੀਰਤਨ**:-

ਇਨ੍ਹਾਂ ਬੱਚਿਆਂ ਦੁਆਰਾ ਕੀਰਤਨ ਦੀ DVD-Video ਡਾ. ਓਮ ਗੌਰੀ ਦੱਤ ਸ਼ਰਮਾ, ਡਿਪਟੀ ਡਾਇਰੈਕਟਰ ਜਲੰਧਰ ਦੂਰਦਰਸ਼ਨ ਦੁਆਰਾ ਮਿਤੀ 09-07-2016 ਨੂੰ ਰਿਲੀਜ਼ ਕੀਤੀ ਗਈ ।

**(xi) ਭਗਤ ਪੂਰਨ ਸਿੰਘ ਸਮਾਰਕ**:- ਭਗਤ ਜੀ ਦੇ ਜਨਮ ਸਥਾਨ ਪਿੰਡ ਰਾਜੇਵਾਲ ਰੋਹਣੋਂ, ਜ਼ਿਲ੍ਹਾ ਲੁਧਿਆਣਾ ਵਿੱਚ "ਭਗਤ ਪੂਰਨ ਸਿੰਘ ਸਮਾਰਕ" ਬਣਾਇਆ ਗਿਆ ਹੈ ਜਿਹੜਾ ਭਗਤ ਜੀ ਦੀ ਪਹਿਲੀ ਜਨਮ ਸ਼ਤਾਬਦੀ 4 ਜੂਨ 2004 ਨੂੰ ਸਮਰਪਿਤ ਹੈ।

**(xii) ਗਊਸ਼ਾਲਾ** :- ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਇਕ ਗਊਸ਼ਾਲਾ ਬਣਾਈ ਗਈ ਹੈ ਜੋ ਲਗਪਗ 165 ਦੁਧਾਰੂ ਪਸ਼ੂਆਂ ਦੀ ਦੇਖ ਰੇਖ ਕਰ ਰਹੀ ਹੈ। ਗਊਆਂ ਦਾ ਤਾਜ਼ਾ ਦੁੱਧ ਪਿੰਗਲਵਾੜੇ ਦੇ ਮਰੀਜ਼ਾਂ ਨੂੰ ਦਿੱਤਾ ਜਾਂਦਾ ਹੈ।

## ਜ਼ਰੂਰੀ ਸੂਚਨਾ

1. ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ, ਰਜਿਸਟਰਾਰ ਆਫ਼ ਕੰਪਨੀਜ਼ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਪੱਤਰ ਨੰ: 130

ਆਫ਼ 1956-57 ਅਤੇ ਸੋਧ ਨੰ. A 28/4540 ਮਿਤੀ 07-07-1998 ਦੁਆਰਾ ਰਜਿਸਟਰਡ ਹੈ।

2. ਪਿੰਗਲਵਾੜੇ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਇਨਕਮ ਟੈਕਸ ਦੀ ਧਾਰਾ 80 ਜੀ ਅਨੁਸਾਰ ਇਨਕਮ ਟੈਕਸ II ਅੰਮ੍ਰਿਤਸਰ, ਪੱਤਰ ਨੰ. CIT-II/ASR/ITO (Tech.) 2011-12/4730 ਮਿਤੀ 11/12 ਜਨਵਰੀ, 2012 ਅਧੀਨ ਟੈਕਸ ਵਿੱਚ ਛੋਟ ਪ੍ਰਾਪਤ ਹੈ।

3. ਪਿੰਗਲਵਾੜਾ ਸੰਸਥਾ ਦਾ PAN ਨੰਬਰ AAATA 2237R ਹੈ। ਪਿੰਗਲਵਾੜਾ ਦਾ FCRA (Foreign contribution Regional Department) ਰਜਿਸਟਰਾਰ ਨੰ. 115210002 ਹੈ।

4. ਪਿੰਗਲਵਾੜਾ ਸੰਸਥਾ ਦਾ ਰੋਜ਼ਾਨਾ ਖ਼ਰਚ ਸਾਢੇ ਛੇ ਲੱਖ ਰੁਪਏ ਤੋਂ ਉੱਪਰ ਹੈ ਜੋ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਭਗਤ ਜੀ ਦੁਆਰਾ ਦਿੱਤੀ ਗਈ ਪ੍ਰੇਰਨਾ ਅਨੁਸਾਰ ਹੁੰਦਾ ਹੈ।

**ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥**

**ਡਾ: ਇੰਦਰਜੀਤ ਕੌਰ,**

ਪ੍ਰਧਾਨ

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:), ਅੰਮ੍ਰਿਤਸਰ ।

-o-



**Details of Banks for sending Donation through Online/ Cheque/Draft may be sent in favour of:**
**'All India Pingalwara Charitable Society (Regd.), Amritsar' (PAN No.: AAATA 2237R)**
(The donations made to Pingalwara are exempt from Income Tax under Section 80G of I.T. Act. 1961)

| S.No. | Name of Account | Name of the Bank | Account No. | Swift/IFS Code |
|---|---|---|---|---|
| (FOR FOREIGN CONTRIBUTORS) | | | | |
| | All India Pingalwara Charitable Society (Regd.), Amritsar. | Oriental Bank of Commerce, Sharifpura, Amritsar. | 01562010002890 | ORBCINBBASR |
| (FOR INLAND CONTRIBUTORS) | | | | |
| 1. | All India Pingalwara Charitable Society (Regd.), Amritsar. | Oriental Bank of Commerce, Sharifpura, Amritsar. | 01562010003720 | ORBC 0100156 |
| 2. | All India Pingalwara Charitable Society (Regd.), Amritsar. | State Bank of India,Town Hall, Amritsar. | 10978255668 | SBIN0000609 |
| 3. | All India Pingalwara Charitable Society (Regd.), Amritsar. | Bank of India, City Centre, Amritsar. | 630510100026147 | BKID0006305 |
| 4. | All India Pingalwara Charitable Society (Regd.), Amritsar. | Axis Bank Ltd., City Centre Amritsar. | 685010100009799 | UTIB0000685 |
| 5. | All India Pingalwara Charitable Society (Regd.), Amritsar. | Punjab National Bank, Hall Bazar, Amritsar. | 0018002100097336 | PUNB0001800 |
| 6. | All India Pingalwara Charitable Society (Regd.), Amritsar. | ICICI Bank Ltd., Lawrence Road, Amritsar. | 006601012522 | ICIC0000066 |
| 7. | All India Pingalwara Charitable Society (Regd.), Amritsar. | HDFC Bank Ltd., Mall Road, Amritsar. | 01151000246510 | HDFC0000115 |
| 8. | All India Pingalwara Charitable Society (Regd.), Amritsar. | HDFC Bank Ltd., Ghanta Ghar, Golden Temple, Amritsar. | 13131000082013 | HDFC0001313 |

| | | | | |
|---|---|---|---|---|
| 9. | All India Pingalwara Charitable Society (Regd.), Amritsar. | Punjab & Sind Bank, Hall Bazar, Amritsar. | 00011000096048 | PSIB000A001 |
| 10. | All India Pingalwara Charitable Society (Regd.), Amritsar. | Bank of Baroda, Town Hall, Amritsar. | 01010100015572 | BARBOAMRITS |
| 11. | All India Pingalwara Charitable Society (Regd.), Amritsar. | Oriental Bank of Commerce, Sec-47 C, Chandigarh. | 12332011000560 | ORBC0101233 |
| 12. | All India Pingalwara Charitable Society (Regd.), Amritsar. | Punjab & Sind Bank, Sangrur. | 00671000012150 | PSIB0000067 |
| 13. | All India Pingalwara Charitable Society (Regd.), Amritsar. | State Bank of India, Patiala Gate, Sangrur. | 33530846863 | SBIN0001759 |
| 14. | All India Pingalwara Charitable Society (Regd.), Amritsar. | Punjab & Sind Bank, Gole Market, New Delhi. | 07621000007388 | PSIB0000762 |

| | | |
|---|---|---|
| **(IN UK)**<br>**S. GURBAKHSH SINGH**<br>**63 Peacock street, Gravesend, Kent, (U.K.)**<br>**DA12 IEG, Ph. 1474568574** | **(IN CANADA)**<br>**BIBI ABNASH KAUR KANG**<br>**(Pingalwara Soceity of Ontario (Regd.)**<br>**124 Blackmere Cir,**<br>**Brampton, ONT., L6W 4CI, Canada**<br>**Ph: 905-450-9664, 416-674-3341**<br>**Email-abnash6@yahoo.com** | **(IN USA)**<br>**JASWANT SAWHNEY CHARITABLE TRUST**<br>**In Association with**<br>**All India Pingawara Charitable Society (Regd.)**<br>**7713 Toburk CT,**<br>**HANOVER, MD 21076-1643 U.S.A.**<br>**BIBI JATINDER KAUR DUSAJ**<br>**Ph. 410-551-8010**<br>**E-mail-kaurg 2004@yahoo.com** |



## ਦਾਨੀ ਸੱਜਣਾਂ ਲਈ ਭਗਤ ਜੀ ਦੀਆਂ ਅਸੀਸਾਂ

"ਵਾਹਿਗੁਰੂ ਆਪ ਨੂੰ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨ, ਗੁਰਸਿੱਖੀ ਦੇ ਨਿੱਤਨੇਮ ਦਾ ਪਾਠ ਕਰਨ, ਗੁਰਦੁਆਰੇ ਜਾ ਕੇ 'ਆਸਾ ਦੀ ਵਾਰ' ਦਾ ਕੀਰਤਨ ਸੁਣਨ ਦਾ ਬਲ ਬਖ਼ਸ਼ੇ। ਗੁਰੂ ਦੀ ਗੋਲਕ ਦਾ ਦਸਵੇਂ ਹਿੱਸੇ ਦਾ ਦਸਵੰਧ ਕੱਢਣ ਦੀ ਆਦਤ ਪਾਵੇ। ਸਾਂਸ-ਸਾਂਸ ਵਾਹਿਗੁਰੂ ਦਾ ਨਾਮ ਸਿਮਰਨ ਦੀ ਆਦਤ ਪਾਵੇ।"

—ਭਗਤ ਪੂਰਨ ਸਿੰਘ ਸੰਸਥਾਪਕ ਪਿੰਗਲਵਾੜਾ, ਅੰਮ੍ਰਿਤਸਰ